P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 05 ਨਾਨਕਸ਼ਾਹੀ ਸੰਮਤ 554 ਵਿਸਾਖ/ਜੇਠ ਮਈ, 2022 ਸਾਲ 40

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥

(ਅੰਗ-੧੨੪੫)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ਼ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੫)

ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0115500
SWIFT Code (FOR FOREIGN REMITTENCE) : PUNBINBBMOH

Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com

ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ
ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ
ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ
ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ

## ਤਤਕਰਾ


| | | | |
|---|---|---|---|
| 1. | ਕਿਰਤ ਅਤੇ ਗੁਰਮਤਿ | ਡਾ.ਪਰਮਜੀਤ ਸਿੰਘ | 03 |
| 2. | ਸਤਿ ਸੰਗਤਿ ਦੇ ਲਾਭ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 08 |
| 3. | ਸਿਹਤ ਸੰਭਾਲ (ਅਰਿੰਡ) | ਵੈਦਰਾਜ ਸੁਰਿੰਦਰ ਸਿੰਘ | 17 |
| 4. | ਮਹਾਨ ਯੋਧਾ ਸ਼ਹੀਦ ਬਾਬਾ ਰਾਮ ਸਿੰਘ ਬੇਦੀ | ਡਾ.ਗੁਰਬਚਨ ਸਿੰਘ | 19 |
| 5. | ਕੰਮ ਦੀਆਂ ਗੱਲਾਂ | ਸ.ਹਰੀ ਸਿੰਘ ਕੁਵੈਤ ਵਾਲੇ | 24 |
| 6. | ਤ੍ਰਿਸ਼ਨਾ-ਕੀ ਤੇ ਕਿਵੇਂ ਮਿਟੇ | ਸ.ਬਲਿਹਾਰ ਸਿੰਘ | 28 |
| 7. | ਖਬਰਾਵਲੀ | ਸੰਪਾਦਕ | 34 |
| 8. | ਚਿੜੀ ਦਿਵਸ ਤੇ ਵਿਸ਼ੇਸ਼ (ਕਵਿਤਾ) | ਡਾ.ਦਰਸ਼ਨ ਸਿੰਘ ਆਸ਼ਟ | 37 |
| 9. | ਬਾਰਹ ਮਾਹਾ (ਮਹੀਨਾ ਮਾਘ) | | 38 |


ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।

ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ** ਨੇ **"ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਕਿਰਤ ਅਤੇ ਗੁਰਮਤਿ

-ਡਾ.ਪਰਮਜੀਤ ਸਿੰਘ, ਮੋ : 87259-00257

ਸਿੱਖ ਧਰਮ ਇੱਕ ਅਮਲੀ ਧਰਮ ਹੈ ਇਸ ਵਿੱਚ ਕਥਨੀ ਨਾਲੋਂ ਕਰਨੀ ਦੀ ਵਧੇਰੇ ਮਹਾਨਤਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਅਮਲੀ ਜੀਵਨ ਦੇ ਤਿੰਨ ਪਹਿਲੂ ਸੰਸਾਰ ਸਾਹਮਣੇ ਪੇਸ਼ ਕੀਤੇ ਉਹ ਹੈ : 'ਕਿਰਤ ਕਰੋ', 'ਨਾਮ ਜਪੋ' ਤੇ 'ਵੰਡ ਛਕੋ'। ਕਰਤਾਰਪੁਰ ਵਿੱਚ ਰਹਿੰਦਿਆਂ ਸਤਿਗੁਰੂ ਜੀ ਨੇ ਇਨ੍ਹਾਂ ਤਿੰਨਾਂ ਅਸੂਲਾਂ ਨੂੰ ਆਪਣੇ ਜੀਵਨ ਵਿੱਚ ਕਮਾ ਕੇ ਅਮਲੀ ਜਾਮਾ ਪਹਿਨਾਇਆ ਅਤੇ ਸੰਸਾਰ ਨੂੰ ਕਿਰਤ ਦੀ ਮਹਾਨਤਾ ਦਾ ਅਸੂਲ ਸਮਝਾਇਆ। ਉਦੋਂ ਤੋਂ ਹੁਣ ਤਕ ਸਿੱਖ ਧਰਮ ਵਿੱਚ ਇਨ੍ਹਾਂ ਤਿੰਨਾਂ ਅਸੂਲਾਂ ਨੂੰ ਸੁਨਹਿਰੀ ਅਸੂਲਾਂ (Three Golden Principles of Sikh Religion ) ਕਰਕੇ ਜਾਣਿਆ ਜਾਂਦਾ ਹੈ।

ਅੱਜ ਜਦੋਂ ਸੰਸਾਰ ਦੋ ਗੁੱਟਾਂ ਸਰਮਾਇਦਾਰੀ ਤੇ ਸਮਾਜਵਾਦੀ ਵਿੱਚ ਵੰਡਿਆ ਹੋਇਆ ਹੈ ਤਾਂ ਸਮਾਜਵਾਦੀ ਬਲਕਿ ਅਗਾਂਹ ਵਧੂ ਕਮਿਊਨਿਜ਼ਮ ਵਰਗ ਦੇ ਲੋਗ ਕਿਰਤ ਤੇ ਕਿਰਤੀ ਦੀ ਮਹਾਨਤਾ ਨੂੰ ਸਮਝਣ ਲੱਗੇ ਹਨ ਤਾਂ ਉਨ੍ਹਾਂ ਨੇ ਸੰਸਾਰ ਪੱਧਰ ਤੇ ਪਹਿਲੀ ਮਈ ਦਾ ਦਿਨ 'ਮਜਦੂਰ ਦਿਵਸ' ਵਜੋਂ ਸਵੀਕਾਰਿਆ ਹੈ। ਅਜਿਹੇ ਵਿਚਾਰਾਂ ਦੀ ਰੋਸ਼ਨੀ ਵੀਹਵੀਂ ਸਦੀ ਵਿੱਚ ਆਕੇ ਵਧੇਰੇ ਫੈਲੀ ਹੈ। ਪਰ ਸਤਿਗੁਰੂ ਨਾਨਕ ਦੇਵ ਜੀ ਨੇ ਪੰਦ੍ਹਰਵੀਂ ਸਦੀ ਵਿੱਚ ਹੀ ਕਿਰਤ ਤੇ ਕਿਰਤੀ ਦੇ ਆਦਰ ਦਾ ਅਸੂਲ ਸੰਸਾਰ ਦੇ ਸਾਹਮਣੇ ਰੱਖਿਆ ਸੀ। ਗੁਰੂ ਜੀ ਦੇ ਸਮੇਂ ਸਮਾਜ ਦਾ ਇੱਕ ਵਰਗ ਅਜਿਹਾ ਸੀ ਜੋ ਬਿਲਕੁਲ ਵਿਹਲੜ ਤੇ ਨਿਖੱਟੂ ਸਨ। ਇਹ ਸਨ ਨਾਥ-ਜੋਗੀ ਤੇ ਸੰਨਿਆਸੀ। ਇਨ੍ਹਾਂ ਦਾ ਕੰਮ ਮੰਗਕੇ ਖਾਣਾ ਸੀ। ਇਹ ਗ੍ਰਹਿਸਤੀਆਂ ਦੇ ਘਰੋਂ ਮੰਗਕੇ ਆਪਣਾ ਨਿਰਬਾਹ ਕਰਦੇ ਸਨ ਅਤੇ ਆਪਣੇ ਘਰ ਬਾਰ ਤੇ ਪਰਿਵਾਰ ਨੂੰ ਤਿਆਗ ਕੇ ਬਾਹਰ ਰਹਿੰਦੇ ਸਨ। ਇਹ ਲੋਕ ਕਿਰਤ ਕਰਕੇ ਆਪ ਖਾਣ ਤੇ ਆਪਣੇ ਪਰਿਵਾਰ ਦੀ ਪਾਲਣਾ ਕਰਨ ਦੀ ਥਾਂ ਸਮਾਜ ਉਤੇ ਬੋਝ ਸਨ। ਅਜਿਹੀ ਕਿਸਮ ਦੇ ਲੋਕਾਂ ਦੇ ਪ੍ਰਥਾਇ ਹੀ ਸਤਿਗੁਰੂ ਨਾਨਕ ਦੇਵ ਜੀ ਆਖਦੇ ਹਨ :

**ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥**
**ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥**
**ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥**

(ਅੰਗ-੧੨੪੫)

ਉਸ ਵੇਲੇ ਸਮਾਜ ਵਿੱਚ ਕਿਰਤ ਤੇ ਕਿਰਤੀ ਨੂੰ ਬੜਾ ਨੀਵਾਂ ਦਰਜਾ ਪ੍ਰਾਪਤ ਸੀ। ਗੁਰੂ ਜੀ ਨੇ ਨਾ ਕੇਵਲ ਇਨ੍ਹਾਂ ਨੀਵਿਆਂ ਕਿਰਤੀਆਂ ਨੂੰ ਉੱਚਾ ਚੁੱਕਿਆ, ਸਗੋਂ ਅਜਿਹੇ ਅਖੌਤੀ ਨੀਵੇਂ ਭਾਈ ਲਾਲੋ ਵਰਗਿਆ ਨੂੰ ਗੱਲ ਨਾਲ ਲਾਇਆ।

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥** (ਅੰਗ-੧੫)

ਮਨੂੰਵਾਦੀਆਂ ਨੇ ਭਾਰਤੀ ਸਮਾਜ ਦੀ ਵੰਡ ਹੀ ਕਿਰਤ ਦੇ ਅਧਾਰ ਤੇ ਕਰ ਦਿੱਤੀ ਸੀ ਜਿਸ ਦਾ ਪ੍ਰਭਾਵ ਅਜੇ ਤਕ ਨਜ਼ਰੀ ਪੈਂਦਾ ਹੈ। ਵਿਦਿਆ ਪ੍ਰਾਪਤ ਕਰਨ ਵਾਲੇ ਅਤੇ ਧਾਰਮਿਕ ਪੁਸਤਕਾਂ ਪੜ੍ਹਨ ਦੇ ਅਧਿਕਾਰੀ ਬ੍ਰਾਹਮਣ ਅਖਵਾਏ, ਸ਼ਸ਼ਤਰ ਵਿਦਿਆ ਗ੍ਰਹਿਣ ਕਰਕੇ ਸ਼ਸ਼ਤਰਾਂ ਨੂੰ ਰੱਖਣ ਤੇ ਚਲਾਉਣ ਵਾਲੇ ਖੱਤਰੀ ਕਹੇ ਗਏ, ਜੋ ਲੋਕ ਖੇਤੀ, ਵਪਾਰ ਆਦਿ ਦਾ ਕੰਮ ਧੰਦਾ ਤੇ ਰਾਜ-ਕਾਜ ਵਿੱਚ ਸਹਾਇਕ ਕੰਮਾਂ ਨੂੰ ਕਰਦੇ ਸਨ, ਉਹ ਵੈਸ਼ ਆਖੇ ਜਾਣ ਲੱਗੇ ਅਤੇ ਉਪਰਲੇ ਤਿੰਨੇ ਵਰਗਾਂ ਦੀ ਸੇਵਾ ਕਰਨ ਵਿੱਚ ਲੱਗੇ ਜਾਂ ਹੋਰ ਅਜਿਹੇ ਕੰਮ ਕਰਦੇ ਸਨ ਜੋ ਉਸ ਵੇਲੇ ਨੀਵੇਂ ਗਿਣੇ ਜਾਂਦੇ ਸਨ ਉਨ੍ਹਾਂ ਨੂੰ ਸ਼ੂਦਰ ਕਹਿਕੇ ਦੁਰਕਾਰਿਆ ਜਾਂਦਾ ਸੀ। ਇਸ ਤਰ੍ਹਾਂ ਆਪਣੀ ਕਿਰਤ ਦੇ ਅਧਾਰ ਤੇ ਕੋਈ ਵਿਅਕਤੀ ਸਮਾਜ ਵਿੱਚ ਉੱਚਾ ਜਾਂ ਨੀਵਾਂ ਦਰਜਾ ਰੱਖਦਾ ਸੀ। ਸਤਿਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਇਸ ਵਿਚਾਰ ਨੂੰ ਚੁਣੌਤੀ ਦਿਤੀ ਅਤੇ ਕਿਰਤ ਨੂੰ ਸਮਾਜ ਵਿਚਲੇ ਪ੍ਰਾਪਤ ਅਖੌਤੀ ਦਰਜੇ ਨਾਲੋਂ ਤੋੜ ਕੇ ਇੱਕ ਇਨਕਲਾਬੀ ਕਦਮ ਪੁੱਟਿਆ ਜਦੋਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਅਖੌਤੀ ਨੀਵੀਂ ਜਾਤ ਦੇ ਮਰਾਸੀ ਮਰਦਾਨੇ ਨੂੰ ਆਪਣੀ ਯਾਤਰਾਵਾਂ ਦਾ ਸਾਥੀ ਬਣਾ ਲਿਆ ਅਤੇ ਯਾਤਰਾਵਾਂ ਦੇ ਦੌਰਾਨ ਜਿਥੇ ਵੀ ਗਏ ਨੀਵੀਂ ਜਾਤ ਦੇ ਕਿਰਤੀਆਂ ਕੋਲ ਠਹਿਰੇ ਜਿਸਦਾ ਸਬੂਤ ਉਨ੍ਹਾਂ ਦਾ ਮਲਕ ਭਾਗੋ ਦੀ ਅਮੀਰੀ ਠਾਠ ਨੂੰ ਠੁਕਰਾ ਕੇ ਭਾਈ ਲਾਲੋ ਕਿਰਤੀ (ਤਰਖਾਣ) ਦੇ ਭੋਜਨ ਨੂੰ ਸਵੀਕਾਰ ਕਰਨਾ।

ਗੁਰੂ ਨਾਨਕ ਦੇਵ ਜੀ ਨੇ ਅਖੌਤੀ ਚਾਰ ਵਰਣਾਂ ਨੂੰ ਇੱਕ ਵਰਣ ਕਰਕੇ ਆਪਣੇ ਸਿੱਖਾਂ ਵਿੱਚ ਸਮੋ ਦਿੱਤਾ ਅਤੇ ਚਾਰੇ ਵਰਣਾਂ ਦੇ ਗੁਣ ਉਸ ਅੰਦਰ ਭਰ ਦਿੱਤੇ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਸਿੱਖ ਜਦੋਂ ਵਿਦਿਆ ਗ੍ਰਹਿਣ ਕਰਦਾ ਹੈ, ਆਪ ਸਤਿਗੁਰਾਂ ਦੇ ਉਪਦੇਸ਼ ਨੂੰ ਗ੍ਰਹਿਣ ਕਰਦਾ ਹੈ ਅਤੇ ਸੰਸਾਰ ਵਿੱਚ ਉਸ ਉਪਦੇਸ਼ ਨੂੰ ਵੰਡਦਾ ਹੈ ਤਾਂ ਸਮਝੋ ਉਹ ਬ੍ਰਾਹਮਣ ਦਾ ਰੂਪ ਹੈ। ਜਦੋਂ ਸ਼ਸ਼ਤਰਧਾਰੀ ਹੋ ਕੇ (ਖਾਲਸੇ ਦੇ ਰੂਪ ਵਿੱਚ) ਜੁਲਮ ਦੇ ਵਿਰੁੱਧ ਜੂਝਦਾ ਹੈ ਤਾਂ ਉਹ ਖਤਰੀ ਰੂਪ ਵਿੱਚ ਹੁੰਦਾ ਹੈ। ਜਿਸ ਸਮੇਂ ਦੁਕਾਨਦਾਰੀ, ਵਪਾਰ ਤੇ ਹੋਰ

ਕਾਰ-ਵਿਹਾਰ ਧਰਮ ਪ੍ਰਾਇਣ ਹੋ ਕੇ ਕਰ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਵੈਸ਼ ਰੂਪ ਵਿੱਚ ਵਿਚਾਰ ਰਿਹਾ ਹੁੰਦਾ ਹੈ ਪਰ ਜਦੋਂ ਸਾਧ ਸੰਗਤ ਵਿੱਚ ਚਲਕੇ ਜਾਂਦਾ ਹੈ ਤੇ ਉਥੇ ਲੰਗਰ ਦੇ ਜੂਠੇ ਭਾਂਡੇ ਮਾਂਜਦਾ ਹੈ, ਝਾਂੜੂ ਫੇਰਦਾ ਹੈ, ਪਾਣੀ ਭਰਦਾ ਤੇ ਵਰਤਾਉਂਦਾ ਹੈ, ਇਸ ਤਰ੍ਹਾਂ ਸੇਵਾ ਰੂਪ ਵਿੱਚ ਜੁੱਟਿਆ ਉਹ ਸ਼ੂਦਰ ਰੂਪ ਵੀ ਹੈ। ਪਰ ਸੁਆਦਲੀ ਗੱਲ ਇਹ ਹੈ ਕਿ ਐਸਾ ਸਿੱਖ ਬ੍ਰਾਹਮਣ ਰੂਪ ਵਿੱਚ ਵਿਚਰਦਾ ਅਭਿਮਾਨੀ ਨਹੀਂ ਹੁੰਦਾ ਅਤੇ ਸ਼ੂਦਰ ਵਿੱਚ ਸੇਵਾ ਵਿੱਚ ਲੱਗਾ ਨਿਮਰਤਾ ਰੂਪ ਵਿੱਚ ਤਾਂ ਹੋ ਸਕਦਾ ਹੈ, ਨਫਰਤ ਦਾ ਪਾਤਰ ਨਹੀਂ ਜਦ ਕਿ ਸੰਸਾਰ ਦੀ ਨਜ਼ਰ ਵਿੱਚ ਬ੍ਰਾਹਮਣ ਕਰਮ ਕਰਦਾ ਮਨੁੱਖ ਉੱਚਾ ਤੇ ਸਤਿਕਾਰ ਦਾ ਪਾਤਰ ਹੈ ਅਤੇ ਸਮਾਜ ਸੇਵਾ ਦੇ ਕੰਮ ਝਾੜੂ ਫੇਰਨਾ, ਪਾਣੀ ਭਰਨਾ ਆਦਿ ਨੀਂਵੇ ਕੰਮ ਹਨ ਤੇ ਅਜਿਹਾ ਕੰਮ ਕਰਨ ਵਾਲੇ ਨੀਵੀਂ ਜਾਤੀ ਦੇ ਲੋਕ ਹਨ।

ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ ..

ਆਦਿ ਪੁਰਖੁ ਆਦੇਸੁ ਹੈ ਸਤਿਗੁਰੁ ਸਚੁ ਨਾਉ ਸਦਵਾਇਆ ।
ਚਾਰਿ ਵਰਨ ਗੁਰਸਿਖ ਕਰਿ ਗੁਰਮੁਖਿ ਸਚਾ ਪੰਥ ਚਲਾਇਆ ।

(ਵਾਰ ੨੧, ਪਉੜੀ ੧)

ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਜਾਤ ਨਾਲੋਂ ਤੋੜ ਕੇ ਧਰਮ ਨਾਲ ਜੋੜਿਆ ਅਤੇ ਉਪਦੇਸ਼ ਦਿੱਤਾ ਕਿ ਜੇਕਰ ਕੋਈ ਭਾਂਵੇ ਆਪਣੇ ਆਪ ਨੂੰ ਉੱਚੀ ਜਾਤ ਵਾਲਾ ਅਖਵਾਉਂਦਾ ਹੈ ਪਰ ਜੇ ਉਸਦੀ ਕਿਰਤ ਸੁੱਚੀ ਨਹੀਂ ਭਾਵ ਲੁੱਟ ਮਾਰ ਦੀ ਹੈ ਜਾਂ ਗਰੀਬਾਂ ਦੇ ਖ਼ੂਨ ਪਸੀਨੇ ਦੀ ਕਮਾਈ ਦਾ ਸ਼ੋਸ਼ਣ ਕਰਕੇ ਤਜੌਰੀ ਭਰੀ ਹੋਈ ਹੈ ਤਾਂ ਉਹ ਗੁਰੂ ਜੀ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਨਹੀਂ। ਗੁਰੂ ਜੀ ਨੇ ਦਸਾਂ ਨੌਹਾਂ ਨਾਲ ਕੀਤੀ ਕਿਰਤ ਨੂੰ ਹੀ ਸਲਾਹਿਆ ਅਤੇ ਪ੍ਰਵਾਨ ਕੀਤਾ ਹੈ। ਆਪ ਦਾ ਫੁਰਮਾਨ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥**

(ਅੰਗ-੧੨੪੫)

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖਾਂ ਦੇ ਹੱਥ ਸਫਲੇ ਹੁੰਦੇ ਹਨ ਕਿਉਂਕਿ ਉਹ ਸਾਧ ਸੰਗਤ ਵਿੱਚ ਗੁਰਾਂ ਦੀ ਸੇਵਾ ਕਮਾਉਂਦੇ ਹਨ। ਉਪਜੀਵਕਾ ਲਈ ਧਰਮ ਦੀ ਕਿਰਤ ਕਰਦੇ ਤੇ ਹਥੋਂ ਦੇ ਕੇ ਦੂਜੇ ਦਾ ਭਲਾ ਮਨਾਉਂਦੇ ਹਨ :

ਗੁਰਮੁਖਿ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ ....
ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ ।

(ਵਾਰ ੬, ਪਉੜੀ ੧੨)

ਅਤੇ

ਹਥੀਂ ਕਾਰ ਕਮਾਵਣੀ ਪੈਰੀਂ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ ।
(ਵਾਰ ੧, ਪਉੜੀ ੩)

ਅਜੋਕਾ ਮਨੁੱਖ ਸੰਸਾਰ ਅੰਦਰ ਮਾਇਆ ਦੀ ਦੌੜ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵਿੱਚ ਲੱਗਾ ਹੋਇਆ ਧਰਮ ਦੀ ਕਿਰਤ ਦੇ ਅਸੂਲ ਨੂੰ ਮੂਲੋਂ ਹੀ ਵਿਸਾਰ ਚੁੱਕਾ ਹੈ, ਫਲ ਸਰੂਪ ਅੱਜ ਸਾਡੇ ਸਮਾਜ ਵਿੱਚ ਬੇਈਮਾਨੀ, ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਦਾ ਬੋਲਬਾਲਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਸਮੇਂ ਦੇ ਸਮਾਜ ਦੀ ਅਜਿਹੀ ਦਸ਼ਾ ਦੇਖੀ ਕਿ ਕਿਵੇਂ ਕਲਿਜੁਗ ਵਾਪਰਿਆ ਹੋਇਆ ਹੈ ਅਤੇ ਲੋਕਾਂ ਦਾ ਖਾਣਾ ਪਰਾਇਆ ਹੱਕ ਹੋ ਗਿਆ ਹੈ।

ਇਨਸਾਫ ਦੇ ਕਾਰਿੰਦੇ ਕਾਜ਼ੀ ਵੱਡੀ ਖੋਰ ਹੋ ਚੁੱਕੇ ਤੇ ਰਿਸ਼ਵਤ ਲੈ ਕੇ ਦੂਜੇ ਦਾ ਹੱਕ ਮਾਰ ਦੇਂਦੇ ਹਨ। ਰਾਜੇ ਰਖਵਾਲੇ ਨਾ ਬਣਕੇ, ਪਰਜਾ ਦੀ ਵਾੜ ਨਾ ਹੋ ਕੇ ਪਾਪ ਕਮਾਉਣ ਲੱਗੇ ਹਨ। ਭਾਈ ਗੁਰਦਾਸ ਅਨੁਸਾਰ :

ਕਲਿ ਆਈ ਕੁਤੇ ਮਹੀ ਖਾਜੁ ਹੋਇਆ ਮੁਰਦਾਰ ਗੁਸਾਈ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕੁ ਗਵਾਈ । (ਵਾਰ ੨, ਪਉੜੀ ੩੦)

ਇਹ ਤਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਗੱਲ ਸੀ ਪਰ ਅੱਜ ਤਾਂ ਘੋਰ ਕਲਿਜੁਗ ਹੈ ਤੇ ਅੱਜ ਦੇ ਪਦਾਰਥਵਾਦੀ ਮਨੁੱਖ ਦੀ ਦਸ਼ਾ ਹੋਰ ਵੀ ਵਧੇਰੇ ਨਿਘਰ ਚੁੱਕੀ ਹੈ, ਕਿਉਂਕਿ ਅੱਜ ਮਨੁੱਖ ਨੇ ਆਪਣੀ ਕਿਰਤ ਨੂੰ ਧਰਮ ਨਾਲੋਂ ਤੋੜ ਕੇ ਪਦਾਰਥ ਨਾਲ ਜੋੜ ਲਿਆ ਹੈ ਅਤੇ ਪਦਾਰਥਾਂ ਨੂੰ ਇਕੱਤਰ ਕਰਨ ਲਈ ਵੱਧ ਤੋਂ ਵੱਧ ਮਾਇਆ ਦੇ ਇਕੱਤਰ ਕਰਨ ਵਿੱਚ ਲੱਗਾ ਹੈ ਪਰ ਗੁਰੂ ਜੀ ਫੁਰਮਾਂਦੇ ਹਨ ਕਿ ਇਹ ਦੌਲਤ ਕਰਕੇ ਬਹੁਤ ਲੋਕਾਈ ਖੁਆਰ ਹੋਈ। ਇਸ ਦੌਲਤ ਨੇ ਬਹੁਤ ਦੁਨੀਆਂ ਕੁਰਾਹੇ ਪਾਈ। ਇਹ ਪਾਪਾਂ ਤੋਂ ਬਿਨ੍ਹਾਂ ਇਕੱਤਰ ਨਹੀਂ ਹੁੰਦੀ ਤੇ ਮਰਨ ਲਗਿਆ ਸਾਥ ਨਹੀਂ ਜਾਂਦੀ :

**ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥** (ਅੰਗ-੪੧੭)

ਗੁਰਮੁਖ ਇਸ ਗੱਲ ਨੂੰ ਜਾਣਦੇ ਹੋਏ ਧਰਮ ਦੀ ਕਿਰਤ ਕਰਦੇ ਹਨ ਅਤੇ ਮਨ ਵਿੱਚ ਸੱਚ ਨਾਮ ਨੂੰ ਦ੍ਰਿੜ ਕਰਦੇ ਹਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ :

ਕਿਰਤਿ ਵਿਰਤਿ ਮਨੁ ਧਰਮੁ ਸਚੁ ਦ੍ਰਿੜਾਇਆ। (ਵਾਰ ੨੦, ਪਉੜੀ ੬)

ਗੁਰਮੁਖ ਕੇਵਲ ਧਰਮ ਦੀ ਕਿਰਤ ਹੀ ਨਹੀਂ ਕਰਦੇ ਸਗੋਂ ਉਸ ਕਿਰਤ ਵਿਚੋਂ ਦਸਵੰਧ ਕੱਢਕੇ ਧਰਮਸ਼ਾਲਾ ਵਿੱਚ ਲੰਗਰ ਚਲਾਉਂਦਾ ਹਨ। ਗੁਰਮੁਖ ਸਾਡੀ ਰਾਹ ਦਾ ਵਰਨਣ ਕਰਦੇ ਹੋਏ ਭਾਈ ਸਾਹਿਬ ਲਿਖਦੇ ਹਨ :

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨਾਵੰਦਾ।
ਗੁਰੂ ਕੇ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।
ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।
ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦਿ ਆਣਿ ਵਰਤੰਦਾ।
(ਵਾਰ ੪੦, ਪਉੜੀ ੧੧)

ਸਿੱਖ ਇਤਿਹਾਸ ਵਿੱਚ ਅਨੇਕਾਂ ਅਜਿਹੀਆਂ ਸਾਖੀਆਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਗੁਰਸਿੱਖ ਧਰਮ ਦੀ ਕਿਰਤ ਕਰਕੇ ਲਿਆਉਂਦੇ ਹਨ ਤੇ ਫਿਰ ਘਰ ਆਏ ਗੁਰਸਿੱਖਾਂ ਦੀ ਆਉ ਭਗਤ ਕਰਦੇ ਹਨ ਅਤੇ ਗਰੀਬਾਂ ਤੇ ਲੋੜਵੰਦਾਂ ਦੀ ਉਸ ਕਮਾਈ ਵਿਚੋਂ ਮਦਦ ਵੀ ਕਰਦੇ ਹਨ।

ਗੁਰੂ ਘਰ ਵਿੱਚ ਕਿਰਤ ਤੇ ਕਿਰਤੀਆਂ ਦਾ ਸਨਮਾਨ ਹੈ। ਗੁਰੂ ਰਾਮਦਾਸ ਜੀ ਨੇ ਜਿਸ ਵੇਲੇ ਅੰਮ੍ਰਿਤਸਰ ਸ਼ਹਿਰ (ਗੁਰੂ ਕਾ ਚੱਕ) ਵਸਾਇਆ ਤਾਂ ਸ਼ਹਿਰ ਵਿੱਚ ਸਭ ਤੋਂ ਪਹਿਲਾਂ ਗਰੀਬ ਕਿਰਤੀਆਂ ਨੂੰ ਵਸਾਇਆ ਜਿਸ ਦਾ ਸਬੂਤ ਅੱਜ ਵੀ ਦਰਬਾਰ ਸਾਹਿਬ ਦੇ ਬਿਲਕੁਲ ਨਾਲ ਮੋਚੀਆਂ ਤੇ ਹੋਰ ਕਈ ਕਿਸਮ ਦੇ ਕਿਰਤੀਆਂ ਆਦਿ ਦੀਆਂ ਦੁਕਾਨਾਂ ਦੇ ਵਸੇ ਹੋਣਾ ਹੈ। ਸਤਿਗੁਰਾਂ ਨੇ ਬਿਨ੍ਹਾਂ ਕਿਸੇ ਭਿੰਨ ਭੇਦ ਦੇ ੫੨ ਜਾਤੀਆਂ ਦੇ ਲੋਕਾਂ ਨੂੰ ਵਸਾਇਆ ਤਾਂ ਕਿ ਹਰ ਕਿਸਮ ਦੀ ਦਸਤਕਾਰੀ ਤੇ ਹੁਨਰ ਪ੍ਰਫੁਲਤ ਹੋਵੇ। ਇਸੇ ਤਰ੍ਹਾਂ ਬਾਕੀ ਗੁਰੂਆਂ ਨੇ ਵੀ ਜਿਹੜੇ ਜਿਹੜੇ ਨਗਰ ਵਸਾਏ ਉਨ੍ਹਾਂ ਵਿੱਚ ਕਿਰਤੀ ਕਾਮਿਆਂ ਨੂੰ ਯੋਗ ਸਥਾਨ ਦਿੱਤਾ।

ਅੱਜ ਦੇ ਸਿੱਖ ਸਮਾਜ ਵਿੱਚ ਵੀ ਅਪਣੀ ਕਿਰਤ ਕਰਕੇ ਕੋਈ ਕਿਰਤੀ ਸਿੱਖ ਉੱਚਾ ਜਾਂ ਨੀਵਾਂ ਨਹੀਂ ਅਤੇ ਨਾ ਹੀ ਕਿਰਤ ਕਰਕੇ ਕੋਈ ਨਫ਼ਰਤ ਦਾ ਅਧਿਕਾਰੀ ਹੈ। ਅੱਜ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਉ ਕਿਰਤੀ ਸਿੱਖਾਂ ਦੇ ਦਰਸ਼ਨ ਹੋ ਜਾਣਗੇ ਜੋ ਕਿ ਆਪਣੀ ਸੱਚੀ ਸੁੱਚੀ ਕਿਰਤ ਕਰਦੇ ਹੋਏ ਵੀ ਸਮਾਜ ਵਿੱਚ ਉੱਚਾ ਦਰਜਾ ਰੱਖਦਾ ਹਨ ਅਤੇ ਮਾਣ ਸਤਿਕਾਰ ਦੇ ਪਾਤਰ ਬਣੇ ਹੋਏ ਹਨ।

-o-o-o-

# ਸਤ ਸੰਗਤਿ ਦੇ ਲਾਭ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਪਿਛਲੇ ਲੇਖਾਂ ਤੋਂ ਸਤ ਸੰਗਤਿ ਦੀ ਲੇਖ-ਲੜੀ ਨੂੰ ਅੱਗੇ ਤੋਰਦੇ ਹੋਏ ਹੁਣ ਅਸੀਂ ਵਿਚਾਰ ਕਰਾਂਗੇ ਕਿ ਗੁਰਬਾਣੀ ਦੇ ਸੰਦਰਭ ਵਿੱਚ ਸਤ ਸੰਗਤਿ ਦੇ ਕੀ ਲਾਭ ਹਨ ?

## ਦੁਖ ਦੂਰ ਹੋਣ ਅਤੇ ਸੁੱਖਾਂ ਦੀ ਪ੍ਰਾਪਤੀ :-

ਉਹ ਸੁੱਖ ਜੋ ਮਨੁੱਖ ਨੂੰ ਕਈ ਪ੍ਰਕਾਰ ਦੇ ਵਿਸ਼ੇ ਭੋਗ ਤੋਂ ਵੀ ਪ੍ਰਾਪਤ ਨਹੀਂ ਹੁੰਦੇ, ਕਈ ਤਰ੍ਹਾਂ ਦੇ ਰੰਗ ਤਮਾਸ਼ੇ, ਭੋਗ ਬਿਲਾਸ ਮਨੁੱਖ ਵੇਖਦਾ ਤੇ ਮਾਣਦਾ ਹੈ ਪਰ ਸਦੀਵੀ ਸੁੱਖ ਉਸ ਨੂੰ ਪ੍ਰਾਪਤ ਨਹੀਂ ਹੁੰਦਾ। ਸੰਸਾਰੀ ਰਾਜੇ-ਮਹਾਰਾਜੇ, ਵੱਡੇ ਛਤਰਧਾਰੀ ਵੀ ਹਮੇਸ਼ਾ ਹੀ ਭਰਮ ਦੇ ਰੋਗ ਨਾਲ ਗ੍ਰਸਤ ਰਹਿੰਦੇ ਹਨ, ਰਾਜ ਖੁੱਸਣ ਦਾ ਡਰ ਉਨ੍ਹਾਂ ਨੂੰ ਸਦਾ ਹੀ ਸਹਸੇ (ਭਰਮ-ਭੁਲੇਖੇ) ਵਿੱਚ ਪਾਈ ਰੱਖਦਾ ਹੈ। ਸੋ ਸਤਿਗੁਰੂ ਜੀ ਫਰਮਾਉਂਦੇ ਹਨ ਕਿ ਭਾਈ ! ਸਦੀਵੀ ਸੁੱਖ ਕਦੇ ਕਿਸੇ ਨੇ ਨਹੀਂ ਪਾਇਆ, ਪੂਰਨ ਸੁੱਖ ਦੀ ਪ੍ਰਾਪਤੀ ਕਿਸੇ ਨੂੰ ਨਹੀਂ ਹੋਈ। ਪੂਰਨ ਤੇ ਸਦੀਵੀ ਸੁੱਖ ਦੀ ਪ੍ਰਾਪਤੀ ਤਾਂ ਸਾਧ ਸੰਗਤਿ ਦੀ ਛੂਹ ਪ੍ਰਾਪਤ ਕਰਨ ਨਾਲ ਹੁੰਦੀ ਹੈ ਜਿਥੇ ਭਰਮ ਭੁਲੇਖੇ ਦਾ ਰੋਗ ਮਿਟ ਜਾਂਦਾ ਹੈ ਅਤੇ ਸਾਰੇ ਦੁੱਖ ਨਸ਼ਟ ਹੋ ਜਾਂਦੇ ਹਨ :-

**ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ ॥ ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥੧॥ਭਾਈ ਰੇ ਸੁਖੁ ਸਾਧਸੰਗਿ ਪਾਇਆ ॥ ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ ॥੧॥** (ਅੰਗ-੪੨)

ਜੇਕਰ ਸਦੀਵੀ ਸੁੱਖ ਨੂੰ ਸਾਡਾ ਮਨ ਚਾਹੁੰਦਾ ਹੈ, ਸਦਾ ਅਨੰਦਿਤ ਜੀਵਨ ਬਤੀਤ ਕਰਨਾ ਚਾਹੁੰਦਾ ਹੈ ਤਾਂ ਗੁਰਬਾਣੀ ਆਖਦੀ ਹੈ ਕਿ ਭਾਈ ! ਸਾਧ ਸੰਗਤਿ ਕਰਿਆ ਕਰੋ। ਸਾਧ (ਗੁਰੂ) ਦੀ ਸੰਗਤ ਵਿੱਚ ਕੇਵਲ ਇਕੋ ਹੀ ਨਾਮ ਜਪਿਆ ਜਾਂਦਾ ਹੈ, ਜਿਸਦੀ ਬਦੌਲਤ ਸਦਾ ਸੁੱਖ ਵੀ ਮਿਲਦੇ ਹਨ ਅਤੇ ਸੰਸਾਰ ਸਾਗਰ ਨੂੰ ਵੀ ਤਰ ਜਾਈਦਾ ਹੈ :-

**ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥**
**ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥੩॥** (ਅੰਗ-੧੧੮੨)

ਸਾਧ ਸੰਗਤਿ ਵਿੱਚ ਮਨੁੱਖ ਦੇ ਕੀਤੇ ਪਾਪ ਧੋਤੇ ਜਾਂਦੇ ਹਨ, ਕਿਉਂਕਿ ਮਨੁੱਖ ਸਾਧ ਸੰਗਤਿ ਤੋਂ ਅਗਵਾਈ ਲੈ ਕੇ ਅੱਠੇ ਪਹਿਰ ਨਾਮ ਸਿਮਰਨ ਕਰਨ ਲੱਗ ਪੈਂਦਾ ਹੈ। ਸਿਮਰਨ ਦੀ ਬਰਕਤ ਨਾਲ ਕਾਮ-ਕ੍ਰੋਧ ਅਤੇ ਅਹੰਕਾਰ ਆਦਿ ਜੋ ਮਨੁੱਖ ਦੇ ਵੈਰੀ ਹਨ, ਉਨ੍ਹਾਂ ਨੂੰ ਮਾਰ ਲੈਂਦਾ ਹੈ, ਕਾਬੂ ਵਿੱਚ ਕਰ ਲੈਂਦਾ ਹੈ। ਇਸ ਤਰ੍ਹਾਂ ਮਨੁੱਖ ਦੀਆਂ ਸਾਰੀਆਂ ਚਿੰਤਾਵਾਂ ਤੇ ਬਿਪਤਾਵਾਂ ਦਾ ਨਾਸ਼ ਹੋ ਜਾਂਦਾ ਹੈ। ਗੁਰੂ ਬਚਨ ਹਨ :-

**ਸਾਧਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥**
**ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ॥** (ਅੰਗ-੫੦੧)

ਸਾਧ ਸੰਗਤਿ ਕਰਨ ਨਾਲ ਮਨੁੱਖ ਦੀ ਆਤਮਿਕ ਅਵਸਥਾ ਉੱਚੀ ਹੋ ਜਾਂਦੀ ਹੈ। ਪ੍ਰੇਮਾ ਭਗਤੀ ਵਿੱਚ ਮਨ ਲੀਨ ਹੋ ਕੇ ਸੰਸਾਰੀ ਮੋਹ ਮਾਇਆ ਦੇ ਜਾਲ ਤੋਂ ਮਨੁੱਖ ਉਚਾ ਉੱਠ ਖੜ੍ਹਦਾ ਹੈ। ਜਦੋਂ ਸੁਰਤ ਉਪਰ ਉਠ ਗਈ ਤਾਂ ਫਿਰ ਦੁਖ ਦੂਰ ਹੋ ਗਏ। ਕਿਸੇ ਤਰ੍ਹਾਂ ਦਾ ਕੋਈ ਡਰ ਵੀ ਨਹੀਂ ਲੱਗਦਾ ਅਤੇ ਜਗਿਆਸੂ ਸਦਾ ਅਪਣੇ ਹਿਰਦੇ ਅੰਦਰ ਹਰੀ ਨਾਮ ਦੇ ਨਿਰਮਲ ਧਨ ਨੂੰ ਟਿਕਾਈ ਰੱਖਦਾ ਹੈ।

**ਭਗਤਿ ਪ੍ਰੇਮ ਪਰਮ ਪਦੁ ਪਾਇਆ ਸਾਧਸੰਗਿ ਦੁਖ ਨਾਠੇ ॥**
**ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ ॥** (ਅੰਗ-੩੮੨)

ਇਸੇ ਤਰ੍ਹਾਂ ਹੀ ਹੋਰ ਸ਼ਬਦ ਵਿੱਚ ਸਤਿਗੁਰੂ ਜੀ ਫਰਮਾ ਰਹੇ ਹਨ ਕਿ ਗੁਰੂ ਦਾ ਸੰਗ ਕਰਨ ਨਾਲ, ਗੁਰੂ ਦੀ ਸੇਵਾ ਕਰਨ ਨਾਲ ਅਤੇ ਗੁਰੂ ਨਾਲ ਮਿਲ ਕੇ ਹਰੀ ਦੇ ਗੁਣ ਗਾਉਣ ਨਾਲ ਸਾਰੀਆਂ ਬਿਪਤਾਵਾਂ ਦੂਰ ਹੋ ਗਈਆਂ ਹਨ ਕਿਉਂਕਿ ਸਤਿਗੁਰੂ ਜੀ ਅਪਣੇ ਸਿੱਖ ਦੇ ਪੜਦੇ ਕੱਜਦੇ ਹਨ ਅਤੇ ਅਪਣੇ ਸਿੱਖ ਨੂੰ ਕੋਈ ਦੁੱਖ ਨਹੀਂ ਪੋਹਣ ਦਿੰਦੇ :-

**ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥**
**ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥**
(ਅੰਗ-੧੦੧)

## ਨੀਚੋਂ ਊਚ ਹੋਣਾ :

ਜਿਹੜੇ ਮਨੁੱਖ ਦਾ ਮਨ ਸਦਾ ਢਹਿੰਦੀ ਕਲਾ ਵਿੱਚ ਰਹਿੰਦਾ ਸੀ। ਸੁੱਕੇ ਹੋਏ ਬ੍ਰਿਛ ਦੀ ਤਰ੍ਹਾਂ ਸੁਕੜਿਆ ਰਹਿੰਦਾ ਸੀ ਚਿੰਤਾਵਾਂ ਤੇ ਫਿਕਰਾਂ ਵਿੱਚ ਗ੍ਰਸਿਆ ਰਹਿਣ ਵਾਲੇ ਮਨ ਦੀ ਅਵਸਥਾ, ਸਾਧ ਸੰਗਤਿ ਕਰਨ ਨਾਲ ਬਦਲ ਗਈ। ਉਸ ਨੂੰ ਪਰਮ ਪਦ ਦੀ ਪ੍ਰਾਪਤੀ ਹੋ ਗਈ। ਉੱਚੀ ਪਦਵੀ ਦਾ ਮਾਲਿਕ ਬਣ ਗਿਆ ਉਸ ਦਾ ਸੁੱਕਾ ਹੋਇਆ ਮਨ ਹਰਾ ਭਰਾ ਹੋ ਗਿਆ।

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥**
**ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥** (ਅੰਗ-੪੯੫)

ਸਤ ਸੰਗਤਿ ਵਿੱਚ ਹਰੀ ਦਾ ਸੰਗ ਕਰਨ ਨਾਲ ਨੀਚ ਕਰਮ, ਨਿਗੁਣੀ ਪਦਵੀ ਵਾਲਾ ਮਨੁੱਖ ਵੀ ਉਚਾ ਹੋ ਜਾਂਦ ਹੈ ਜਿਵੇਂ ਚੰਦਨ ਪਾਸ ਖੜ੍ਹੀ ਇਰੰਡ, ਚੰਦਨ ਤੋਂ ਸੁਗੰਧੀ ਲੈ ਕੇ ਅਪਣੇ ਅੰਦਰ ਜਜ਼ਬ ਕਰਕੇ, ਚੰਦਨ ਦਾ ਹੀ ਰੂਪ ਬਣ ਜਾਂਦੀ ਹੈ ਭਾਵ ਉਹ ਵੀ ਸੁਗੰਧੀਆਂ ਵੰਡਣ ਲੱਗ ਜਾਂਦੀ ਹੈ। ਇੱਕ ਕੌੜੇ ਸੁਭਾਅ ਦੀ ਇਰੰਡ ਸੰਗਤ ਕਰਨ ਨਾਲ ਅਪਣਾ ਸੁਭਾਅ

ਬਦਲ ਗਈ ਇਸੇ ਤਰ੍ਹਾਂ ਸੰਗਤਿ ਵਿੱਚ ਅਉਗਣਹਾਰਾ ਮਨੁੱਖ ਵੀ ਗੁਣਵਾਨ ਬਣ ਜਾਂਦਾ ਹੈ ਅਤੇ ਸਤਿਗੁਰੂ ਅੱਗੇ ਅਰਦਾਸ ਕਰਦਾ ਹੈ, ਸਤਿਗੁਰੂ ਜੀ ! ਮੈਂ ਤੇਰੀ ਸ਼ਰਨ ਵਿੱਚ ਆਇਆ ਹਾਂ, ਪਰ ਮੈਂ ਅਉਗੁਣਹਾਰਾ ਹਾਂ ਮੇਰੀ ਲੜ ਲੱਗੇ ਦੀ ਲਾਜ ਰੱਖੋ। ਆਪ ਜੀ ਪਰਉਪਕਾਰੀ ਹੋ, ਦਾਸ ਨੂੰ ਅਪਣੇ ਨਾਮ ਦੀ ਸੁਗੰਧੀ ਦਿਓ ਜੀ।

**ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥ ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥ ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥ ਹਮ ਅਉਗਨ ਤੁਮ੍ ਉਪਕਾਰੀ ॥੧॥** (ਅੰਗ-੪੮੬)

ਪਾਰਸ ਇਸ ਐਸੀ ਧਾਤ ਹੈ ਜਿਸਦੇ ਛੂਹਣ ਨਾਲ, ਸੰਗ ਕਰਨ ਨਾਲ, ਲੋਹਾ ਵੀ ਸੋਨਾ ਬਣ ਜਾਂਦਾ ਹੈ। ਪਰ ਇਹ ਧਾਤ ਪ੍ਰਗਟ ਨਹੀਂ। ਇਹ ਕਾਦਰ ਦੀ ਕੁਦਰਤ ਹੈ, ਕੀ ਠੀਕ ਹੈ ਅਤੇ ਕੀ ਗਲਤ ਹੈ? ਉਸ ਨੂੰ ਹੀ ਪਤਾ ਹੈ। ਉਸ ਦੀ ਕੁਦਰਤ ਸੱਚੀ ਹੈ। ਹਰ ਤਰ੍ਹਾਂ ਨਾਲ ਸੰਪੂਰਨ ਹੈ। ਪਾਰਸ ਧਾਤ ਨੂੰ ਪ੍ਰਗਟ ਨਾ ਕਰਨਾ ਵੀ ਉਸ ਦੀ ਰਜ਼ਾ ਵਿੱਚ ਹੈ। ਨਹੀਂ ਤਾਂ ਕੀ ਹੋਵੇ? ਜੇ ਇਸ ਧਾਤ ਦਾ ਇੱਕ ਨਿੱਕਾ ਟੁਕੜਾ ਕਿਸੇ ਨੂੰ ਮਿਲ ਜਾਵੇ ਸਾਰੀ ਦੁਨੀਆਂ ਦਾ ਲੋਹਾ ਮਨੁੱਖ ਸੋਨਾ ਬਣਾ ਲਵੇਗਾ। ਇਸਦਾ ਸਿੱਟਾ ਕੀ ਹੋਵੇਗਾ, ਅਸੀਂ ਅੰਦਾਜ਼ਾ ਲਗਾ ਸਕਦੇ ਹਾਂ। ਧਾਤ ਹੈ ਜ਼ਰੂਰ ਜਿਸ ਦਾ ਜ਼ਿਕਰ ਗੁਰਬਾਣੀ ਵਿੱਚ ਬਾਰ ਬਾਰ ਆਉਂਦਾ ਹੈ, ਸੱਚ ਹੈ, ਝੂਠ ਨਹੀਂ। ਕਹਿੰਦੇ ਹਨ ਕਿ ਪਾਰਸ ਦੇ ਅੰਸ਼ ਪਹਾੜਾਂ ਵਿੱਚ ਮਿਲਦੇ ਹਨ ਪਰ ਲੱਭਦੇ ਸੌਖੇ ਨਹੀਂ। ਲੋਹਾ ਜੋ ਆਮ ਮਿਲਦਾ ਹੈ, ਪਾਰਸ ਜਾਂ ਸੋਨੇ ਨਾਲੋਂ ਬਹੁਤ ਹੀ ਘਟੀਆ ਵਸਤੂ ਹੈ ਪਰ ਉਸ ਨੇ ਸੰਗ ਕਰ ਲਿਆ ਪਾਰਸ ਦਾ, ਤਾਂ ਸਵਰਨ (ਸੋਨਾ) ਹੋ ਗਿਆ। ਇਸ ਤਰ੍ਹਾਂ ਕੋਈ, ਕਿੰਨਾ ਵੀ ਪਾਪੀ, ਪਖੰਡੀ, ਦੁਰਾਚਾਰੀ ਨੀਚ ਹੋਵੇ, ਸਤ ਸੰਗਤਿ ਵਿੱਚ ਮਿਲਦਾ ਹੈ, ਤਾਂ ਸਤ ਸੰਗਤਿ ਉਸ ਤੇ ਅਪਣਾ ਅਸਰ ਕਰਦੀ ਹੈ, ਅਤੇ ਉਸ ਨੂੰ ਵੀ ਸਾਧ ਬਣਾ ਦਿੰਦੀ ਹੈ। ਉਸ ਦੇ ਸਾਰੇ ਪਾਪ ਧੋਤੇ ਜਾਂਦੇ ਹਨ। ਕਿਉਂਕਿ ਸਾਧ ਸੰਗਤਿ ਵਿੱਚ ਆ ਕੇ ਉਹ ਨਾਮ ਨਾਲ ਜੁੜ ਜਾਂਦਾ ਹੈ। ਨਾਮ ਪਾਰਸ ਦਾ ਕੰਮ ਕਰਦਾ ਹੈ, ਜਦੋਂ ਨਾਮ ਨਾਲ ਜੁੜਿਆ ਤਾਂ ਨਾਮੀ ਦੇ ਗੁਣ ਹੌਲੀ ਹੌਲੀ ਉਸ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਮਨੁੱਖ ਉੱਚ ਪਦਵੀ ਨੂੰ ਪ੍ਰਾਪਤ ਕਰਦਾ ਹੈ। ਨੀਚੋਂ ਊਚ ਹੋ ਜਾਂਦਾ ਹੈ।

**ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥**
**ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥੨॥** (ਅੰਗ-੩੦੩)

ਜੋ ਵਾਹਿਗੁਰੂ ਦੀ ਸਿਫਤ ਸਾਲਾਹ ਕਰਦੇ ਹਨ, ਸਦਾ ਕੀਰਤਨ ਵਿੱਚ ਜੁੜਦੇ ਹਨ, ਉਹ ਸਮਝੋ ਜਿਉਂਦੇ ਹੀ ਪਰਵਾਨ ਹੋ ਗਏ ਹਨ। ਮੰਦੇ ਭਾਗਾਂ ਤੋਂ ਸ਼ੁਭ ਗੁਣਾ ਵਾਲੇ ਹੋ ਕੇ ਵਡਭਾਗੇ ਬਣ ਗਏ ਹਨ ;-

**ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥**
**ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥** (ਅੰਗ-੩੨੨)

ਸੰਸਾਰ ਵਿੱਚ ਵਿਵਹਾਰ ਕਰਨ ਲਈ ਅਤੇ ਅਧਿਆਤਮਕ ਪੰਧ ਲਈ ਵੀ ਮਨ ਸਾਫ ਨਿਰਮਲ ਹੋਣਾ ਚਾਹੀਦਾ ਹੈ ਪਰ ਮਨ ਦੀ ਮੈਲ ਧੋਤੀ ਜਾਣੀ ਕੋਈ ਸੌਖਾ ਕੰਮ ਨਹੀਂ ਹੈ। ਇਕ ਦੋ ਦਿਨ ਦੀ ਮੈਲ ਇਕੱਠੀ ਹੋਈ ਹੋਵੇ ਤਾਂ ਵੀ ਸੌਖੀ ਧੋਤੀ ਜਾਵੇ, ਇਹ ਤਾਂ ਜਨਮਾਂ ਜਨਮਾਂ ਦੀ ਮੈਲ ਨਾਲ ਭਰਿਆ ਪਿਆ ਹੈ। ਪਰ ਸਾਧ ਸੰਗਤਿ ਦਾ ਐਸਾ ਪ੍ਰਭਾਵ ਹੈ, ਸਾਧ ਸੰਗਤਿ ਇੱਕ ਐਸੀ ਦਵਾਈ ਹੈ ਇੱਕ ਐਸਾ ਸਾਧਨ ਹੈ ਕਿ ਕਿੰਨੀ ਵੀ ਮੈਲ ਹੋਵੇ, ਕਰੋੜਾਂ ਹੀ ਪਾਪ ਹੋਣ ਸਭ ਧੋਤੇ ਜਾਂਦੇ ਹਨ :-

**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥**
**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥** (ਅੰਗ-੮੦੯)

ਪੰਚ ਬਿਕਾਰ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਇਹ ਮਨੁੱਖ ਤੇ ਭਾਰੂ ਹਨ। ਮਨੁੱਖ ਦਾ ਜੀਵਨ ਇਨ੍ਹਾਂ ਪੰਜਾਂ ਦੇ ਚੱਕਰ ਵਿੱਚ ਚੱਲਦਾ ਹੈ। ਇਨ੍ਹਾਂ ਨੂੰ ਵਸ ਵਿੱਚ ਕਰਨ ਲਈ ਗੁਰਬਾਣੀ ਦਾ ਬਹੁਤ ਸਾਰਾ ਭਾਗ ਇਸ ਦਾ ਇਲਾਜ ਦੱਸਦਾ ਹੈ। ਜਦੋਂ ਮਨੁੱਖ ਦਾ ਮਨ ਇਨ੍ਹਾਂ ਦੇ ਵੱਸ ਵਿੱਚ ਹੋਵੇ ਤਾਂ ਮਨੁੱਖ ਮਾਇਆ ਵਿੱਚ ਰਚਿਆ ਰਹਿੰਦਾ ਹੈ ਅਤੇ ਮਾਇਆ ਵਿੱਚ ਰਚਣਾ, ਪ੍ਰਭੂ ਤੋਂ ਦੂਰ ਹੋਣਾ ਹੈ। ਪ੍ਰਭੂ ਨਾਲ ਪ੍ਰੇਮ ਜਾਂ ਮੇਲ ਤਦ ਹੀ ਹੋਵੇਗਾ ਜਦੋਂ ਮਨ ਇਨ੍ਹਾਂ ਵਿਕਾਰਾਂ ਨੂੰ ਛੱਡ ਕੇ ਸਾਫ ਸੁਥਰਾ ਹੋਵੇ, ਇਨ੍ਹਾਂ ਤੋਂ ਖਾਲੀ ਹੋਵੇ। ਸੋ ਮਨ ਦੀ ਸਫਾਈ ਸਾਧ ਸੰਗਤਿ ਵਿੱਚ ਜਾ ਕੇ ਹੀ ਹੋ ਸਕਦਾ ਹੈ :-

**ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥**
**ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥** (ਅੰਗ-੨੯੭)

ਮਨ ਦੀ ਸਫਾਈ ਲਈ ਸਾਧ ਸੰਗਤਿ ਦਾ ਮਿਲਾਪ ਕਰਵਾਉਣ ਲਈ ਗੁਰਸਿੱਖ ਵਾਹਿਗੁਰੂ ਜੀ ਕੋਲ, ਸਤਿਗੁਰੂ ਕੋਲ ਅਰਦਾਸ ਕਰਦਾ ਹੈ ਕਿ ਪ੍ਰਭੂ ਜੀ ! ਕ੍ਰਿਪਾ ਕਰਕੇ ਮੈਨੂੰ ਸਤ ਸੰਗਤਿ ਦਾ ਮਿਲਾਪ ਕਰਾਓ, ਤਾਂ ਜੋ ਮੇਰੇ ਜਨਮ ਜਨਮਾਤ੍ਰਾਂ ਦੇ ਕੀਤੇ ਪਾਪ ਧੋਤੇ ਜਾਣ ਅਤੇ ਮੇਰਾ ਮਨ ਨਿਰਮਲ ਹੋ ਜਾਵੇ।

**ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥**
**ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥**
(ਅੰਗ-੧੧੭੮)

ਮਨੁੱਖੀ ਮਨ ਉੱਤੇ ਅਪਣੇ-ਪਰਾਏ ਦੀ ਛਾਪ ਦੀ ਮੈਲ ਵੀ ਚੜ੍ਹੀ ਰਹਿੰਦੀ ਹੈ। ਆਹ ਮੇਰਾ ਹੈ ! ਆਹ ਬੇਗਾਨਾ ਹੈ ! ਇਹ ਮੇਰਾ ਮਿੱਤ੍ਰ ਹੈ। ਉਹ ਮੇਰਾ ਦੁਸ਼ਮਣ ਹੈ ! ਪ੍ਰਭੂ ਕ੍ਰਿਪਾ ਦੁਆਰਾ ਜਦੋਂ ਸਾਧ ਸੰਗਤਿ ਮਿਲ ਗਈ ਤਾਂ ਇਹ ਦਵੈਤ ਭਾਵਨਾ ਵਾਲੀ ਮੈਲ ਵੀ ਮਨ ਤੋਂ

ਲਹਿ ਜਾਂਦੀ ਹੈ। ਉਸ ਲਈ ਹੁਣ ਨਾ ਕੋਈ ਵੈਰੀ ਰਿਹਾ ਅਤੇ ਨਾ ਹੀ ਕੋਈ ਬੇਗਾਨਾ ਰਿਹਾ। ਉਹ ਸਾਰਿਆਂ ਦਾ ਮਿੱਤ੍ਰ ਅਤੇ ਸੰਗੀ ਬਣ ਗਿਆ ਹੁੰਦਾ ਹੈ। ਦਵੈਤ ਭਾਵਨਾ ਅਦਵੈਤ ਵਿੱਚ ਬਦਲ ਜਾਂਦੀ ਹੈ। ਸਤ ਸੰਗਤਿ ਵਿੱਚ ਐਸੀ ਬਿਰਤੀ ਬਣ ਜਾਂਦੀ ਹੈ ਕਿ ਮਨੁੱਖ ਜ਼ੱਰੇ ਜ਼ੱਰੇ ਵਿਚ ਪਰਮਾਤਮਾ ਨੂੰ ਵੇਖਣਾ ਸ਼ੁਰੂ ਕਰ ਦਿੰਦਾ ਹੈ :-

**ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**(ਅੰਗ-੧੨੯੯)

ਲੋਕੀਂ ਮਨ ਦੀ ਪਵਿੱਤ੍ਰਤਾ ਲਈ ਤੀਰਥਾਂ ਦਾ ਇਸ਼ਨਾਨ ਕਰਦੇ ਹਨ ਪਰ ਤਨ ਨੂੰ ਧੋਣ ਨਾਲ ਮਨ ਕਦੋਂ ਪਵਿੱਤ੍ਰ ਹੋਵੇਗਾ ਜਦੋਂ ਤਕ ਮਨ ਦਾ ਇਸ਼ਨਾਨ ਨਾ ਕੀਤਾ ਜਾਵੇ ਇਹ ਕਿਵੇਂ ਨਿਰਮਲ ਹੋ ਸਕਦਾ ਹੈ? ਸਾਧ ਸੰਗਤਿ ਵਿੱਚ ਮਨ ਦਾ ਇਸ਼ਨਾਨ ਹੁੰਦਾ ਹੈ, ਮਨੁੱਖ ਗਿਆਨੀ ਹੋ ਜਾਂਦਾ ਹੈ ਅਤੇ ਅਗਿਆਨਤਾ ਦੀ ਮੈਲ ਉਤਰ ਜਾਂਦੀ ਹੈ। ਇਸ ਤਰਾਂ ਚੰਗੇ ਭਾਗ ਬਣ ਕੇ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ।

**ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ ਤਾਗਾ ॥ ਸਾਧੂ ਸੰਗਤਿ ਨਿਰਮਲਾ ਅਠਸਠਿ ਮਜਨਾਗਾ ॥ ਜਿਸੁ ਪ੍ਰਭੁ ਮਿਲਿਆ ਆਪਣਾ ਸੋ ਪੁਰਖੁ ਸਭਾਗਾ ॥ ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡ ਭਾਗਾ ॥੧੭॥** (ਅੰਗ-੯੬੫)

ਅਜੇਹੀ ਅਵਸਥਾ ਵਾਲੇ ਪ੍ਰੀਤਵਾਨਾਂ ਉੱਤੇ ਗੁਰੂ ਸਾਹਿਬ ਬਲਿਹਾਰਣੇ ਜਾਂਦੇ ਹਨ।

## ਭਵਜਲ ਤਰਨਾ

ਸਤਿਗੁਰੂ ਜੀ ਬਖਸ਼ਿਸ਼ ਦੇ ਭੰਡਾਰ ਹਨ, ਮਾਨੋ ਹੀਰੇ ਜਵਾਹਰਾਤਾਂ ਦੀ ਖਾਨ ਹਨ, ਭਾਵ ਪ੍ਰਕ੍ਰਿਤੀ ਦੇ ਮਾਲਕ ਹਨ। ਕੋਈ ਵਸਤੂ ਉਨ੍ਹਾਂ ਦੀ ਪਹੁੰਚ ਤੋਂ ਬਾਹਿਰ ਨਹੀਂ। ਐਸੇ ਸਤਿਗੁਰੂ ਦੀ ਪ੍ਰਾਪਤੀ ਸਤ ਸੰਗਤਿ ਵਿਚੋਂ ਹੁੰਦੀ ਹੈ ਅਤੇ ਸਤਿਗੁਰੂ ਜੀ ਫੇਰ ਸ਼ਬਦ (ਗੁਰ-ਮੰਤ੍ਰ) ਦੀ ਬਖਸ਼ਿਸ਼ ਕਰਦੇ ਹਨ। ਨਾਮ ਜਾਪ ਦੀ ਜੁਗਤੀ ਸਮਝਾਉਂਦੇ ਹਨ। ਕ੍ਰਿਪਾ ਕਰਕੇ ਸਾਡੇ ਹਿਰਦੇ ਵਿੱਚ ਨਾਮ ਨੂੰ ਵਸਾਉਂਦੇ ਹਨ। ਇਸ ਤਰ੍ਹਾਂ ਅਸੀਂ ਸਤਿ ਵਸਤੂ ਦੇ ਵਾਪਾਰੀ ਬਣਦੇ ਹਾਂ। ਸਾਨੂੰ ਸੱਚੀ ਰਾਸ਼ੀ ਮਿਲ ਜਾਂਦੀ ਹੈ ਅਤੇ ਸਾਡੀਆਂ ਤ੍ਰਿਸ਼ਨਾਵਾਂ ਇਵੇਂ ਬੁੱਝ ਜਾਂਦੀਆਂ ਹਨ ਜਿਵੇਂ ਅਗਨੀ ਉੱਤੇ ਪਾਣੀ ਪਾਉਣ ਨਾਲ ਅਗਨੀ ਸ਼ਾਂਤ ਹੋ ਜਾਂਦੀ ਹੈ। ਗੁਰੂ ਸ਼ਬਦ ਦੀ ਕਮਾਈ ਕਰਦੇ ਕਰਦੇ ਅਸੀਂ ਸੰਸਾਰ ਸਾਗਰ ਤੋਂ ਤਰ ਜਾਂਦੇ ਹਾਂ।

**ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥** (ਅੰਗ-੨੨)

ਸੰਸਾਰ ਸਾਗਰ ਤੋਂ ਤਰਨਾ ਬੜਾ ਔਖਾ ਹੈ, ਪਰ ਸਾਧ ਸੰਗਤਿ ਵਿੱਚ ਹਰੀ ਦੇ ਗੁਣ ਗਾਉਣ, ਪੜ੍ਹਨ ਅਤੇ ਸੁਨਣ ਨਾਲ ਇਹ ਰਸਤਾ ਸੌਖਾ ਹੋ ਜਾਂਦਾ ਹੈ। ਇਸ ਭਵਜਲ ਤੋਂ ਸਹਜੇ ਹੀ ਪਾਰ ਹੋ ਜਾਈਦਾ ਹੈ।

**ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥**
**ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥**

(ਅੰਗ-੯੫)

ਆਮ ਖਿਆਲ ਹੈ ਕਿ ਮੁਕਤੀ ਮਰਨ ਤੋਂ ਬਾਅਦ ਮਿਲਦੀ ਹੈ। ਮੁਕਤੀ ਪ੍ਰਾਪਤ ਕਰਨ ਲਈ ਲੋਕੀਂ ਕਈ ਤਰਾਂ ਦੇ ਪੁੰਨ ਦਾਨ, ਕਰਮ ਕਾਂਡ ਅਤੇ ਜਪ ਤਪ ਕਰਦੇ ਹਨ, ਪਰ ਸਾਧ ਸੰਗਤਿ ਦੀ ਐਸੀ ਕਰਾਮਾਤ ਹੈ ਕਿ ਮਨੁੱਖ ਨੂੰ ਰਾਮ ਨਾਮ ਨਾਲ ਜੋੜ ਦਿੰਦੀ ਹੈ ਅਤੇ ਗੁਰੂ ਦੇ ਸ਼ਬਦ ਨਾਲ ਲਿਵ ਜੁੜਨ ਕਰਕੇ ਮਨੁੱਖ ਇਸੇ ਜੀਵਨ ਵਿੱਚ ਜੀਵਨ ਮੁਕਤ ਹੋ ਜਾਂਦਾ ਹੈ :-

**ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥**
**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥**

(ਅੰਗ-੭੭੧)

ਸਤ ਸੰਗਤਿ ਅੰਦਰ ਵਾਹਿਗੁਰੂ ਨਾਮ ਨੂੰ ਦ੍ਰਿੜ ਕਰਵਾਇਆ ਜਾਂਦਾ ਹੈ। ਸਤ ਸੰਗਤਿ ਵਿੱਚ ਮਿਲ ਕੇ ਸਭ ਸੋਝੀ ਆ ਜਾਂਦੀ ਹੈ। ਜਦੋਂ ਵਾਹਿਗੁਰੂ ਦੇ ਭਾਣੇ ਵਿੱਚ ਰਹਿਣ, ਹੁਕਮ ਨੂੰ ਮੰਨਣ ਦੀ ਸਮਝ ਹੋ ਜਾਵੇ ਤਾਂ ਅਸੀਂ ਸੁਖੀ ਵਸਦੇ ਹਾਂ। ਲੋਕ ਪ੍ਰਲੋਕ ਸਫਲਾ ਹੁੰਦਾ ਹੈ। ਸੱਚੇ ਵਾਹਿਗੁਰੂ ਵਿੱਚ ਸਮਾਈ ਹੋ ਜਾਂਦੀ ਹੈ :-

**ਸਤਸੰਗਤਿ ਮਿਲਿ ਸਭ ਸੋਝੀ ਪਾਏ ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥**
**ਭਾਣਾ ਮੰਨੇ ਸਦਾ ਸੁਖੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥** (ਅੰਗ-੩੬੪)

ਅਜੇਹੀ ਅਵਸਥਾ ਕਰਕੇ ਕੋਈ ਜਮ ਜੋ ਪਾਪੀ ਆਦਮੀ ਨੂੰ ਸਜ਼ਾ ਦਿੰਦੇ ਹਨ, ਕਿਧਰੇ ਨਜ਼ਰ ਨਹੀਂ ਆਉਂਦੇ, ਪਰਮਾਤਮਾ ਦੀ ਦਰਗਾਹ ਵਿੱਚ ਜਾਣ ਵਿੱਚ ਰੁਕਾਵਟ ਨਹੀਂ ਬਣਦੇ। ਇਸ ਤਰ੍ਹਾਂ ਸਾਧ ਸੰਗਤਿ ਵਿੱਚ ਪ੍ਰਭੂ ਦੀ ਸਿਫਤ-ਸਾਲਾਹ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ।

**ਸਾਧਸੰਗਿ ਕੀਰਤਨ ਫਲੁ ਪਾਇਆ ॥**
**ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥** (ਅੰਗ-੧੯੭)

ਸਤਿਗੁਰੂ ਜੀ ਮਨ ਨੂੰ ਊਠ ਬਿਰਤੀ ਵਾਲਾ ਦੱਸਦੇ ਹਨ। ਊਠ ਦਾ ਕੰਮ ਹੈ ਕਿ ਉਹ ਦੇਸਾਂ ਵਿਦੇਸ਼ਾਂ ਵਿੱਚ ਦੂਰ ਦੂਰ ਤਕ ਫਿਰਦਾ ਰਹਿੰਦਾ ਹੈ। ਪੁਰਾਣੇ ਜ਼ਮਾਨੇ ਵਿੱਚ ਵਾਪਾਰੀ ਲੋਕ ਊਠਾਂ ਉੱਤੇ ਸਾਮਾਨ ਲੱਦ ਕੇ ਵਪਾਰ ਕਰਿਆ ਕਰਦੇ ਸਨ। ਉਨ੍ਹਾਂ ਦਾ ਕੰਮ ਜਗਾਂ ਜਗਾਂ ਫਿਰ ਕੇ ਅਪਣਾ ਵਪਾਰ ਕਰਨਾ ਸੀ। ਇਸੇ ਬਿਰਤੀ ਵਾਲੇ ਮਨ ਨੂੰ ਗੁਰੂ ਜੀ ਸਮਝਾਉਂਦੇ ਹਨ

ਕਿ ਐ ਮਨ ! ਥਾਂ ਥਾਂ ਫਿਰਨਾ ਛੱਡ ਕੇ ਇੱਕ ਥਾਂ ਟਿਕ ਜਾ। ਉਹ ਥਾਂ ਕਿਹੜਾ ਹੈ? ਉਹ ਹੈ, ਸਤ ਸੰਗਤਿ ਦਾ ਸਥਾਨ। ਸਤਿ ਸੰਗਤਿ ਵਿੱਚ ਮਿਲ ਕੇ ਸਤਿਗੁਰੂ ਜੀ ਦੀ ਸੰਗਤਿ ਕਰ, ਉੱਥੇ ਹਰੀ ਦੇ ਨਾਮ ਨੂੰ ਧਿਆਉਣਾ ਕਰ ਜੋ ਇਸ ਮਾਤ ਲੋਕ ਤੋਂ ਵਿਦਾ ਹੋਣ ਵੇਲੇ ਤੇਰੇ ਨਾਲ ਜਾਵੇਗਾ।

**ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥**
**ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥** (ਅੰਗ-੨੩੪)

ਅੰਤ ਨੂੰ ਤਾਂ ਨਾਮ ਨਾਲ ਜਾਵੇਗਾ ਹੀ, ਇਸ ਸੰਸਾਰ ਵਿੱਚ ਵੀ ਤੈਨੂੰ ਉੱਚ ਪਦਵੀ ਪ੍ਰਾਪਤ ਹੋ ਜਾਵੇਗੀ। ਇਹ ਪਦਵੀ ਤੁਰੀਆ ਗੁਣ ਦੀ ਹੈ। ਤੁਰੀਆ ਅਵਸਥਾ, ਤੁਰੀਆ ਪਦਮ ਚੌਥਾ ਗੁਣ, ਚੌਥਾ ਪਦ, ਚੌਥੀ ਅਵਸਥਾ ਜਾਂ ਤੁਰੀਆ ਗੁਣ, ਇਸ ਦੇ ਕਈ ਨਾਮ ਗੁਰਬਾਣੀ ਵਿੱਚ ਆਉਂਦੇ ਹਨ। ਸੰਸਾਰ ਤਿੰਨ ਅਵਸਥਾਵਾਂ ਵਿੱਚ ਵਿਚਰ ਰਿਹਾ ਹੈ; ਜਗਤ (ਜਾਗਣਾ), ਸੁਪਨ (ਨੀਂਦ ਵਿੱਚ ਸੁਪਨੇ)ਅਤੇ ਸਾਖੋਪਤਿ (ਗੂੜ੍ਹੀ ਨੀਂਦ ਜਿਸ ਵਿੱਚ ਸੁਪਨਾ ਵੀ ਨਾ ਹੋਵੇ), ਪਰ ਗੁਰਮੁਖਿ ਜਨ ਇਨ੍ਹਾਂ ਤਿੰਨਾਂ ਤੋਂ ਉੱਪਰ ਦੀ ਅਵਸਥਾ ਚੌਥੇ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ ਜੋ ਗਿਆਨ ਦੀ ਅਵਸਥਾ ਵੀ ਕਹੀ ਜਾਂਦੀ ਹੈ ਇਹ ਅਵਸਥਾ ਸਹਿਜ ਦੀ ਹੈ, ਜਿੱਥੇ ਨਾ ਦੁੱਖ ਹੈ, ਨਾ ਸੁੱਖ ਹੈ, ਬਲਕਿ ਦੋਵੇਂ ਸਮ ਹਨ। ਹਰਖ ਤੇ ਸੋਗ ਨਹੀਂ ਹੈ, ਮਾਨ ਅਪਮਾਨ ਦਾ ਫਰਕ ਨਹੀਂ। ਸੋਨਾ ਤੇ ਮਿੱਟੀ ਬਰਾਬਰ ਹਨ, ਬਸ ਪਿਆਰੇ ਪ੍ਰਭੂ ਦੀ ਹਜ਼ੂਰੀ ਹੈ।

## ਸੱਚੇ ਸਿਉਂ ਲਿਵ

ਮਨ ਮੋਹ ਮਾਇਆ ਦੇ ਚੱਕਰ ਵਿੱਚ ਸੁੱਤਾ ਹੈ, ਇਸ ਨੂੰ ਅਪਣੇ ਆਪ ਦਾ ਗਿਆਨ ਨਹੀਂ। ਸਤ ਸੰਗਤਿ ਕਰਨ ਕਰਕੇ ਮਨ ਸੁੱਤਾ ਹੋਇਆ ਜਾਗਦਾ ਹੈ। ਸਤ ਸੰਗਤਿ ਵਿੱਚ ਆਪੇ ਦੀ ਪਛਾਣ ਹੋਣ ਕਰਕੇ ਇਸ ਦਾ ਪ੍ਰਭੂ ਨਾਲ ਪਿਆਰ ਪੈ ਜਾਂਦਾ ਹੈ। ਪ੍ਰਭੂ ਜੀ ਮਿੱਠੇ ਲੱਗਦੇ ਹਨ।

**ਸਾਧਸੰਗਿ ਮਨ ਸੋਵਤ ਜਾਗੇ ॥ ਤਬ ਪ੍ਰਭ ਨਾਨਕ ਮੀਠੇ ਲਾਗੇ ॥** (ਅੰਗ-੧੧੯੫)

ਸਾਧ ਸੰਗਤਿ ਵਿੱਚ ਮਿਲ ਕੇ ਜੋ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਂਦੇ ਹਨ, ਉਨ੍ਹਾਂ ਦੇ ਮਨ ਨਿਰਮਲ ਹੋ ਜਾਂਦੇ ਹਨ। ਸਾਧ ਸੰਗਤਿ ਦੀ ਧੂੜੀ ਪਰਸਣ ਨਾਲ ਸਾਰੇ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਸਤ ਸੰਗਤਿ ਦੇ ਰੰਗ ਨਾਲ ਉਹ ਐਸੇ ਭਿੱਜਦੇ ਹਨ ਕਿ ਇੱਕ ਵਾਰ ਇਹ ਰੰਗ ਚੜ੍ਹਿਆ ਹੋਇਆ ਮੁੜ ਕੇ ਲਹਿੰਦਾ ਨਹੀਂ। ਮਜੀਠ ਦੇ ਰੰਗ ਵਾਂਗ ਪੱਕਾ ਹੁੰਦਾ ਹੈ। ਕਲਜੁਗ ਦੇ ਸਮੇਂ ਲਈ ਸਾਹਿਬ ਦਾ ਇਕੋ ਹੁਕਮ ਹੈ ਕਿ :-

**ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ ॥੬॥**
**ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥੭॥**(ਅੰਗ-੯੦੯)

ਇਸ ਹੁਕਮ ਦੀ ਪਾਲਨਾ ਸਤ ਸੰਗਤਿ ਵਿੱਚ ਸੌਖੇ ਹੀ ਹੋ ਜਾਂਦੀ ਹੈ। ਸੱਚਾ ਸਬਦ ਅੰਦਰ ਵਸ ਕੇ, ਸੱਚੇ ਨਾਲ ਲਿਵ ਜੁੜਦੀ ਹੈ, ਜੋ ਵੱਡੇ ਭਾਗਾਂ ਦੀ ਗੱਲ ਹੈ :-

**ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥** (ਅੰਗ-੫੮੬)

ਸੱਚੇ ਨਾਲ ਪਿਆਰ ਪਾਉਣ ਲਈ ਕਈ ਤਰ੍ਹਾਂ ਦੇ ਵਸੀਲੇ ਲੋਕੀਂ ਵਰਤਦੇ ਹਨ। ਪਿਛਲੇ ਸਮਿਆਂ ਵਿੱਚ ਤਾਂ ਬਹੁਤ ਸਾਰੇ ਕਰੜੇ ਢੰਗਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਪਰ ਗੁਰਮਤਿ ਅੰਦਰ ਸੌਖਾ ਢੰਗ ਹੈ ਕਿ ਸਤ ਸੰਗਤ ਕੀਤੀ ਜਾਵੇ ਤਾਂ ਤੁਹਾਨੂੰ ਸੱਚ ਦਾ ਪਿਆਰ ਮਿਲ ਜਾਵੇਗਾ। ਸੱਚ ਨਾਲ ਪਿਆਰ ਪੈ ਜਾਵੇਗਾ ਤਾਂ ਫੇਰ ਆਪਾ-ਭਾਵ ਮਿਟ ਜਾਵੇਗਾ। ਗੁਰੂ ਅੱਗੇ ਅਰਪਨ ਹੋਂ ਜਾਵਾਂਗੇ।

**ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥**
**ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ॥੭॥** (ਅੰਗ-੬੮)

ਉਸ ਦੇ ਹੁਕਮ ਦੀ ਕਮਾਈ ਕਰਾਂਗੇ, ਸਦਾ ਹੀ ਅਪਣੇ ਗੁਰੂ ਤੋਂ ਬਲਿਹਾਰ ਜਾਵਾਂਗੇ ਜਿਸ ਨੇ ਪਰਮਾਤਮਾ ਨਾਲ ਸਾਡੀ ਲਿਵ ਜੋੜ ਦਿੱਤੀ ਹੈ। ਲਿਵ ਜੁੜਨ ਕਰਕੇ ਨਾਮ ਦਾ ਰਸ। 'ਰਸਨਾ ਹਰਿ ਰਸੁ ਚਾਖ ਰਹੀ' ਗੁਰਸਿੱਖ ਰਾਮ ਰਸ ਨੂੰ ਚੱਖਦਾ ਚੱਖਦਾ, ਅਨੰਦ ਵਿੱਚ ਜੀਵਨ ਬਤੀਤ ਕਰੇਗਾ। ਜੀਵਨ ਵਿੱਚ ਨਾਮ ਪ੍ਰਤੀ ਦ੍ਰਿੜਤਾ ਬੱਝੇਗੀ :-

**ਰਾਮ ਮੇਰਾ ਮਨੁ ਹਰਿ ਸੇਤੀ ਰਾਤੇ ॥**
**ਸਤਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ ॥** (ਅੰਗ-੧੬੯)

ਖਾਲੀ ਇਹੋ ਹੀ ਨਹੀਂ ਕਿ ਹੋਰ ਹੋਰ ਕਹਾਣੀਆਂ ਘੜ ਘੜ ਕੇ ਲੋਕਾਂ ਨੂੰ ਸੁਣਾਏਗਾ ਅਤੇ ਜੋ ਬੋਲ ਬੋਲਦਾ ਹੈ, ਉਸ ਦੀ ਵਿਚਾਰ ਨਹੀਂ ਕਰਦਾ ਪਰ:-

**ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥**
**ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥** (ਅੰਗ-੯੮੧)

ਸਤ ਸੰਗਤਿ ਕਰਨ ਨਾਲ ਐਸੀ ਗੱਲ ਨਹੀਂ ਰਹੇਗੀ ਬਲਕਿ **'ਆਪਿ ਜਪਹੁ ਅਵਰਹ ਨਾਮੁ ਜਪਾਵਹੁ'** ਨੂੰ ਅਪਣੇ ਮਨ ਵਿੱਚ ਦ੍ਰਿੜ੍ਹ ਕਰ ਲਵੇਗਾ ਅਤੇ ਇਸ ਉੱਤੇ ਪੂਰਾ ਪੂਰਾ ਅਮਲ ਕਰੇਗਾ।

ਸਤ ਸੰਗਤਿ ਵਿਚੋਂ ਜੋ ਹਰੀ ਦੀ ਉਸਤਤਿ ਪ੍ਰਾਪਤ ਹੁੰਦੀ ਹੈ, ਉਸ ਦੀ ਵਜ੍ਹਾ ਤੋਂ ਜਗ ਦਾ ਨਿਸਤਾਰਾ ਹੋ ਜਾਂਦਾ ਹੈ ਅਤੇ ਉਹ ਪ੍ਰਾਣੀ ਜੋ ਸਤ ਸੰਗਤਿ ਦੇ ਵਿੱਚ ਨਾਮ ਜਪਣ ਦਾ ਉਪਦੇਸ਼ ਕਰਦੇ ਹਨ, ਪਰਉਪਕਾਰੀ ਹਨ :-

**ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥**
**ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥**

**ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥**
(ਅੰਗ-੩੧੧)

ਆਸਾ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਪ੍ਰਭੂ ਦਾ ਨਾਮ ਅੰਦਰ ਬਾਹਰ ਗਾਂਵਦਾ ਹਾਂ ਭਾਵ ਅਪਣੀ ਸੁਰਤ ਵਿੱਚ ਵੀ ਗਾਉਂਦਾ ਹਾਂ ਅਤੇ ਰਸਨਾ ਦੁਆਰਾ ਵੀ ਗਾਉਂਦਾ ਹਾਂ :-

**ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ ॥**
**ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ ॥੩॥** (ਅੰਗ-੪੦੧)

ਸੁੱਤਿਆਂ ਵੀ ਗਾਉਂਦਾ ਹਾਂ ਅਤੇ ਜਾਗਦਿਆਂ ਵੀ ਗਾਉਂਦਾ ਹਾਂ। ਮੈਂ ਦੁੱਖ ਵਿੱਚ ਵੀ ਨਾਮ ਜਪਦਾ ਹਾਂ ਅਤੇ ਸੁੱਖ ਵਿੱਚ ਵੀ ਪ੍ਰਭੂ ਦੀ ਅਰਾਧਨਾ ਕਰਦਾ ਹਾਂ। ਮੈਂ ਰਸਤੇ ਤੇ ਚਲਦਾ ਫਿਰਦਾ ਵੀ ਗਾਉਂਦਾ ਹਾਂ। ਦਿਨ ਵਿੱਚ ਗਾਉਂਦਾ ਹਾਂ ਰਾਤ ਨੂੰ ਵੀ ਗਾਉਂਦਾ ਹਾਂ। ਇਹ ਗਾਵਣਾ ਕਰਕੇ ਸਤ ਸੰਗਤਿ ਵਿੱਚ ਵਿਸ਼ਵਾਸ ਮਿਲਦਾ ਹੈ ਕਿ ਪਰਮਾਤਮਾ ਸਾਡੇ ਅੰਗ ਸੰਗ ਹੈ ਉਹ ਜੀਵਦਿਆਂ ਵੀ ਸਾਡੇ ਨਾਲ ਹੈ ਅਤੇ ਮੋਇਆ ਵੀ ਸਾਡੇ ਨਾਲ ਹੈ :-

**ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥**
**ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧॥** (ਅੰਗ-੫੨)

ਮਨੁੱਖ ਨੇ ਜੀਵਨ ਸਫਲਾ ਕਰਨਾ ਹੈ। ਮਨੁੱਖ ਦੀ ਨਾਮ ਸਿਮਰਨ ਦੀ ਕਮਾਈ ਸਾਧ ਸੰਗਤਿ ਵਿੱਚ ਕੀਤੀ ਹੋਈ ਸਫਲੀ ਹੋਏਗੀ। ਜੀਵਨ ਤਾਂ ਸਫਲ ਹੋਏਗਾ ਹੀ ਨਾਲੋ ਨਾਲ ਐਥੇ ਵੀ ਸਦਾ ਸੁਖੀ ਵੱਸੇਗਾ।

ਮਨ ਜੋ ਚੰਚਲ ਹੈ ਭਟਕਦਾ ਹੋਇਆ ਸਥਿਰ ਹੋ ਗਿਆ ਹੈ। ਸਾਧ ਸੰਗਤਿ ਦੀ ਕ੍ਰਿਪਾ ਸਦਕਾ ਸ਼ਬਦ ਦੀ ਅਨਹਤ ਤੇ ਅਨਹਦ ਧੁੰਨ ਅੰਦਰ ਸੁਣਾਈ ਦੇਣੀ ਸ਼ੁਰੂ ਹੋ ਗਈ ਹੈ ਅਤੇ ਨਾਮ ਦਾ ਅੰਮ੍ਰਿਤ ਰਸ ਅੰਤਰ-ਆਤਮੇ ਝਰਨਾ ਸ਼ੁਰੂ ਹੋ ਗਿਆ ਹੈ :-

**ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥**
**ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥** (ਅੰਗ-੬੯੮)

ਸੋ ਸਤ ਸੰਗਤਿ ਵਿੱਚ ਪ੍ਰਾਣੀ ਜੋ ਵੀ ਮਨ ਵਿੱਚ ਧਾਰ ਕੇ ਆਉਂਦਾ ਹੈ, ਉਸ ਦੀਆਂ ਸੁੱਭ ਆਸ਼ਾਵਾਂ ਅਤੇ ਮਨੋਰਥ ਪੂਰੇ ਹੁੰਦੇ ਹਨ। ਆਤਮਿਕ ਪਾਂਧੀ ਲਈ ਸਤ ਸੰਗਤਿ ਕਰਨੀ ਅਤੀ ਜ਼ਰੂਰੀ ਹੈ ਕਿਉਂਕਿ ਇਸ ਨਾਮ ਜਨਮ ਮਰਨ ਮਿਟ ਜਾਂਦਾ ਹੈ ਅਤੇ ਜੀਵਨ ਸਫਲ ਹੁੰਦਾ ਹੈ।

**ਮਨਸਾ ਧਾਰਿ ਜੋ ਘਰ ਤੇ ਆਵੈ ॥ ਸਾਧਸੰਗਿ ਜਨਮੁ ਮਰਣੁ ਮਿਟਾਵੈ॥**
**ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥੨॥** (ਅੰਗ-੧੦੩)

-0-0-0-

# ਅਰਿੰਡ

–ਵੈਦਰਾਜ ਸੁਰਿੰਦਰ ਸਿੰਘ, ਫੋਨ ਨੰ. 95010-17194

ਅਰਿੰਡ ਦਾ ਦਰਖ਼ਤ ਹਿੰਦੁਸਤਾਨ-ਪਾਕਿਸਤਾਨ ਵਿੱਚ ਹਰ ਜਗ੍ਹਾ ਪਾਇਆ ਜਾਂਦਾ ਹੈ। ਇਹ ਬੜੀ ਲਾਭਕਾਰੀ ਬੂਟੀ ਹੈ। ਜਿਸ ਦੇ ਲਾਭ ਤੋਂ ਅਨਜਾਣ ਲੋਕ ਇਸ ਦੀ ਕਦਰ ਨਹੀਂ ਕਰਦੇ ਇਸ ਨੂੰ ਪੈਰਾਂ ਵਿੱਚ ਰੋਲਦੇ ਹਨ। ਇਹ ਹਿੰਦੁਸਤਾਨ ਦੇ ਹਰ ਸੂਬੇ ਵਿੱਚ ਵੱਖਰੇ ਵੱਖਰੇ ਨਾਂਵਾ ਨਾਲ ਜਾਣਿਆ ਜਾਂਦਾ ਹੈ :

ਸੰਸਕ੍ਰਿਤ ਵਿੱਚ ਅਰਿੰਡ, ਬੰਗਾਲੀ-ਆਂਡਾ; ਭੀਰ ਅੰਡਾ, ਨਾਲ ਭੈਡਾ, ਪੰਜਾਬੀ-ਹਰਨੋਲੀ; ਹਰਿੰਡ, ਗੁਜਰਾਤੀ-ਏਰੰਡੋ, ਕਰਨਾਟਕੀ-ਏਰੰਡੋ, ਤੇਲੰਗੀ-ਆਮੋ ਡਾਮੋ; ਉਰਦੂ-ਬੇਦ ਅੰਜੀਰ।

ਪਹਿਚਾਣ-ਅਰਿੰਡ ਦਾ ਦਰਖ਼ਤ ਜਿਆਦਾ ਉੱਚਾ ਨਹੀਂ ਹੁੰਦਾ ਇਸਦੇ ਵੱਡੇ ਵੱਡੇ ਪੱਤੇ ਹੁੰਦੇ ਹਨ ਜਿਹੜੇ ਇੱਕ ਵੱਡੀ ਹਥੇਲੀ ਦੀ ਤਰ੍ਹਾਂ ਪੰਜ ਹਿਸਿਆਂ ਵਿੱਚ ਵੰਡੇ ਹੁੰਦੇ ਹਨ। ਫਲ ਗੁੱਛਿਆਂ ਵਿੱਚ ਲੱਗਦੇ ਹਨ। ਹਰ ਇੱਕ ਫੱਲ ਦੇ ਉਪਰ ਕੰਡੇਦਾਰ ਛਿਲਕਾ ਹੁੰਦਾ ਹੈ। ਛਿਲਕਾ ਉਤਾਰ ਕੇ ਵਿਚੋਂ ਬੀਜ ਨਿਕਲਦਾ ਹੈ ਅਤੇ ਅੰਦਰ ਸਫੈਦ ਚਿਕਨੀ ਗਿਰੀ ਹੁੰਦੀ ਹੈ। ਇਸ ਗਿਰੀ ਨੂੰ ਦਬਾ ਕੇ ਅਰੰਡੀ ਦਾ ਤੇਲ ਕੱਢਿਆ ਜਾਂਦਾ ਹੈ ਜਿਸ ਨੂੰ castor oil ਵੀ ਕਹਿੰਦੇ ਹਨ। ਇਸ ਦੇ ਪਤੇ, ਇਸ ਦੇ ਬੀਜਾਂ ਦਾ ਮਗਜ਼ ਅਤੇ ਇਨ੍ਹਾਂ ਤੋਂ ਕਢਿਆ ਹੋਇਆ ਤੇਲ ਬਤੌਰ ਦਵਾਈ ਲਈ ਪ੍ਰਯੋਗ ਕੀਤਾ ਜਾਂਦਾ ਹੈ।

**ਲਾਭ : ੧. ਪੇਟ ਦੇ ਕੀੜੇ** : ਅਰਿੰਡ ਦੇ ਪੱਤਿਆਂ ਦਾ ਰਸ ਬੱਚਿਆਂ ਦੇ ਗੁੱਦਾ ਤੇ ਮਲਣ ਨਾਲ ਪੇਟ ਦੇ ਕੀੜੇ ਨਿਕਲ ਜਾਂਦੇ ਹਨ।

੨. **ਬਵਾਸੀਰ** : ਅਰਿੰਡ ਦੇ ਪੱਤਿਆਂ ਨੂੰ ਪੀਸ ਕੇ ਮੁਲਾਇਮ ਬਣਾ ਕੇ ਬਵਾਸੀਰ ਦੇ ਮਸਿਆ ਤੇ ਬੰਨਣ ਨਾਲ ਬਵਾਸੀਰ ਨੂੰ ਆਰਾਮ ਮਿਲਦਾ ਹੈ।

੩. **ਅਫੀਮ ਦੇ ਅਸਰ ਨੂੰ ਖਤਮ ਕਰਨਾ** : ਜੇਕਰ ਕਿਸੇ ਆਦਮੀ ਨੇ ਅਫੀਮ, ਮਿਠਾ ਤੇਲਿਆ ਖਾ ਲਿਆ ਹੋਵੇ ਤਾਂ ਅਰਿੰਡ ਦੇ ਪਤਿਆਂ ਦਾ ਕੋਪਲਾਂ ਨੂੰ ਕੁਟ ਕੇ ਪਾਣੀ ਕਢੋ। ਇਹ ਪਾਣੀ 3 ਤੋਲੇ ਤੋਂ 5 ਤੋਲੇ ਤਕ ਮਰੀਜ ਨੂੰ ਪਿਲਾਵੋ। ਉਲਟੀਆਂ, ਟੱਟੀਆਂ ਆਉਣ ਨਾਲ ਅਫੀਮ ਅਤੇ ਮਿਠਾ ਤੇਲਿਆਂ ਦੇ ਜਹਿਰ ਦੂਰ ਜੋ ਜਾਏਗਾ।

੪ **ਸੱਪ ਦੇ ਕੱਟੇ ਹੋਏ ਲਈ** : ਸੱਪ ਦੇ ਕੱਟਣ ਨਾਲ ਅੰਦਰੂਨੀ ਤੌਰ ਤੇ ਅਰਿੰਡ ਦੀਆਂ ਕੋਮਲਾ ਅਤੇ ਪਤਿਆਂ ਨੂੰ ਕੁੱਟ ਕੇ ਪਾਣੀ ਕਢੋ ਮਰੀਜ ਨੂੰ 3-5 ਤੋਲੇ ਪਿਲਾਓ ਜਿਸ ਨਾਲ ਉਲਟੀਆਂ ਅਤੇ ਦਸਤ ਆਉਣ ਨਾਲ ਸੱਪ ਦੇ ਜ਼ਹਿਰ ਦਾ ਅਸਰ ਦੂਰ ਹੋ ਜਾਏਗਾ। ਇਸ ਨੂੰ

ਇੱਕ ਵਾਰ ਪਿਲਾਉਣ ਨਾਲ ਫਾਇਦਾ ਨਾ ਹੋਵੇ ਤਾਂ ਦੂਸਰੀ ਵਾਰ ਪਿਲਾਓ। ਇਸ ਦੇ ਨਾਲ ਕੋਪਲਾਂ ਨੂੰ ਪੀਸ ਕੇ ਕਟੀ ਹੋਈ ਜਗ੍ਹਾਂ ਤੇ ਲਗਾਓ।

**ਅਰਿੰਡ ਦੀ ਮੀਂਗ** : (ਅਰਿੰਡ ਦਾ ਬੀਜ) ਇਹ ਦਸਤਾਵਰ ਹੈ ਅਰਿੰਡ ਦੇ ਤੇਲ (Castor oil) ਤੋਂ ਜਿਆਦਾ ਤੇਜ ਅਸਰ ਰੱਖਦੀ ਹੈ।

੧. **ਪਠਿਆਂ ਦੀ ਸਖਤੀ** : ਅਰਿੰਡ ਦੀ ਮੀਂਗ ਨੂੰ ਪੀਸ ਕੇ ਲੇਪ ਕਰਨ ਨਾਲ ਸਖਤ ਸੋਜਿਸ਼ ਦੂਰ ਹੋ ਜਾਂਦੀ ਹੈ। ਅਗਰ ਪੇਟ ਦੇ ਪਠੇ ਸਖਤ ਹੋ ਗਏ ਹੋਣ ਤਾਂ ਅਰਿੰਡ ਦੀ ਮੀਂਗ (ਮਗਜ਼) ਭੇਡ ਦੇ ਦੁੱਧ ਵਿੱਚ ਖੀਰ ਦੀ ਤਰ੍ਹਾਂ ਪਕਾ ਕੇ ਪੇਟ ਤੇ ਬਨਣ ਨਾਲ ਪਠੇ ਨਰਮ ਹੋ ਜਾਂਦੇ ਹਨ।

੨. **ਅਰਿੰਡ ਦੀ ਮੀਂਗ ਦਾ ਹਲਵਾ** : ਅਰਿੰਡ ਦੀ ਮੀਂਗ ਪਾਵ ਲੈਕੇ ਸੇਰ ਦੁਧ ਵਿੱਚ ਪਕਾਓ ਤਾਂਕਿ ਖੋਆ ਬਨ ਜਾਵੇ। ਹੁਣ ਖੋਏ ਨੂੰ ਥੋੜਾ ਥੋੜਾ ਘਿਓ ਪਾ ਕੇ ਥੋੜੀ ਦੇਰ ਭੁਨੋ। ਬਰਾਬਰ ਵਜਨ ਵਿੱਚ ਖੰਡ ਮਿਲਾ ਲਓ। ਰੋਜਾਨਾ ਦੋ ਤੋਲਾ ਖਾਓ। ਇਸ ਦੇ ਪ੍ਰਯੋਗ ਕਰਨ ਨਾਲ, ਲਕਵਾ, ਗੱਠੀਆਂ ਅਤੇ ਦਮੇ ਦੇ ਰੋਗ ਦੂਰ ਹੋ ਜਾਂਦੇ ਹਨ। ਪਾਖਨਾ ਖੁੱਲ ਕੇ ਆ ਜਾਏਗਾ।

**ਤੇਲ** : ਅਰਿੰਡ ਦਾ ਤੇਲ (Castor oil) ਕਬਜ਼ ਦੂਰ ਕਰਨ ਲਈ ਪ੍ਰਯੋਗ ਕੀਤਾ ਜਾਂਦਾ ਹੈ। ਔਰਤਾਂ, ਬੱਚਿਆਂ, ਜਵਾਨਾ, ਬੁੱਢਿਆਂ ਨੂੰ ਦਿੱਤਾ ਜਾ ਸਕਦਾ ਹੈ।

੧. **ਬੱਚਿਆਂ ਦੀ ਕਬਜ਼** : ਦੁੱਧ ਪੀਦੇ ਬੱਚਿਆਂ ਨੂੰ 6 ਮਾਸੇ Castor oil +6 ਮਾਸੇ ਸ਼ਹਿਦ ਮਿਲਾਕੇ ਚਟਾਉਣ ਨਾਲ ਉਨ੍ਹਾਂ ਦੀ ਕਬਜ਼ ਆਸਾਨੀ ਨਾਲ ਦੂਰ ਹੋ ਜਾਂਦੀ ਹੈ।

੨. **ਪੇਟ ਵਿੱਚ ਮੱਲ ਸਖਤ ਹੋ ਜਾਣਾ** ਦੀ ਹਾਲਤ ਵਿੱਚ Castor oil ਦੇਣ ਨਾਲ ਸਖਤ ਮਲ ਨਿਕਲ ਜਾਦਾ ਹੈ। ਜਲਦੀ ਆਰਾਮ ਆ ਜਾਂਦਾ ਹੈ।

੩. **ਅੱਖਾਂ ਦੇ ਰੋਗ** : ਜੇਕਰ ਅੱਖ ਵਿੱਚ ਚੂਨਾ ਪੈ ਜਾਵੇ ਅਰਿੰਡੀ ਦਾ ਤੇਲ Castor oil 1-2 ਕਤਰੇ ਅੱਖ ਵਿੱਚ ਪਾਉਣ ਨਾਲ ਛੇਤੀ ਠੰਡ ਪੈ ਜਾਂਦੀ ਹੈ ਜਲਨ ਦੂਰ ਹੋ ਜਾਂਦੀ ਹੈ। ਦਰਦ ਤੇ ਸੋਜਨ ਦੂਰ ਹੋ ਜਾਂਦੀ ਹੈ।

੪. **ਅੱਗ ਨਾਲ ਸੜਣਾ** : ਜਿਓ ਹੀ ਕੋਈ ਜਗ੍ਹਾ ਅੱਗ ਨਾਲ ਸੜੇ ਉਸ ਜਗ੍ਹਾ ਤੇ ਫੌਰਨ ਅਰੰਡੀ ਦਾ ਤੇਲ (Castor oil) ਲਾ ਦਿਓ। ਜਲਨ ਬਹੁਤ ਛੇਤੀ ਦੂਰ ਹੋ ਜਾਏਗੀ ਅਤੇ ਛਾਲੇ ਨਹੀਂ ਹੋਣਗੇ।

**ਜਹਿਰੀਲਾ ਪ੍ਰਭਾਵ** : ਕਦੀ ਕਦੀ ਅਰਿੰਡੇ ਦੇ ਬੀਜ ਤਿੰਨ ਤੋਂ ਜਿਆਦਾ ਖਾ ਲੈਣ ਨਾਲ, ਜਿਆਦਾ ਮਾਤਰਾ ਵਿੱਚ ਇਸ ਨੂੰ ਪ੍ਰਯੋਗ ਕਰਨ ਨਾਲ ਜ਼ਹਿਰੀਲਾ ਅਸਰ ਪੈਂਦਾ ਹੋ ਜਾਂਦਾ ਹੈ। ਇਸ ਹਾਲਤ ਵਿੱਚ ਤਵਾਸ਼ੀਰ 4 ਮਾਸਾ+ਸਕਜਬੀਨ 4 ਤੋਲਾ ਮਿਲਾ ਕੇ ਠੰਡੇ ਪਾਣੀ ਨਾਲ ਪਿਲਾਓ। ਅਨਾਰ ਦੇ ਰਸ ਦਾ ਪ੍ਰਯੋਗ ਇਸ ਵਿੱਚ ਲਾਭਦਾਇਕ ਹੈ।

**ਜ਼ਰੂਰੀ ਨੋਟ** : ਕੋਈ ਵੀ ਦਵਾਈ ਬਣਾਉਣ ਜਾਂ ਖਾਣ ਸਮੇਂ ਕਿਸੇ ਸਿਆਣੇ ਵੈਦ ਦੀ ਸਲਾਹ ਜ਼ਰੂਰ ਲਓ ਜੀ।

-o-o-o-

# ਮਹਾਨ ਯੋਧਾ ਸ਼ਹੀਦ ਬਾਬਾ ਰਾਮ ਸਿੰਘ ਬੇਦੀ

-ਡਾ.ਗੁਰਬਚਨ ਸਿੰਘ, ਮੋ : ੯੮੭੮੧-੪੯੫੧੧

ਸਿੱਖ ਇਤਿਹਾਸ ਸੂਰਬੀਰ ਮਰਜੀਵੜਿਆਂ ਦਾ ਇਤਿਹਾਸ ਹੈ, ਜੋ ਜਬਰ, ਜ਼ੁਲਮ ਅਤਿਆਚਾਰ ਅਤੇ ਬੇਇਨਸਾਫੀ ਦੇ ਸਾਹਮਣੇ ਜਾਨਾਂ ਤਲੀ ਤੇ ਰੱਖ ਕੇ ਆਵਾਜ਼ ਬੁਲੰਦ ਕਰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ (੧੭੦੮ ਈ.) ਤੋਂ ਲੈ ਕੇ ਤਕਰੀਬਨ ਅੱਧੀ ਸਦੀ ਤੋਂ ਵੱਧ (੧੭੬੭) ਤੱਕ ਹਜਾਰਾਂ, ਲੱਖਾਂ ਗੁਰਸਿੱਖ ਸ਼ਹੀਦ ਹੋਏ। ਡਾ.ਹਰੀ ਰਾਮ ਗੁਪਤਾ ਪ੍ਰਸਿੱਧ ਇਤਿਹਾਸਕਾਰ (ਸਿੱਖ ਹਿਸਟਰੀ ਭਾਗ ੨, ਪੰਨਾ ੨੫੫-੫੬) ਨੇ ਸ਼ਹੀਦੀ ਅੰਕੜੇ ਇਸ ਪ੍ਰਕਾਰ ਅੰਕਿਤ ਕੀਤੇ ਹਨ:

| | |
|---|---|
| ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਲਗਪਗ | ੨੫੦੦੦ |
| ਮੁਗਲ ਗਵਰਨਰ ਅਬਦੁਲ ਸਮੱਦ ਖਾਂ ਦੇ ਸਮੇਂ (੧੭੧੩-੨੬) | ੨੦੦੦੦ ਦੇ ਕਰੀਬ |
| ਜ਼ਕਰੀਆ ਖਾਨ (੧੭੨੬-੪੫) | ੨੦੦੦੦ |
| ਯਹੀਆ ਖਾਂ ( ੧੭੪੬-੪੭) | ੧੦੦੦੦ |
| ਮੀਰ ਮੰਨੂ (੧੭੪੮-੫੩) | ੩੦੦੦੦ ਤੋਂ ਵੱਧ |
| ਅਦੀਨਾ ਬੇਗ ( ੧੭੫੮) | ੫੦੦੦ ਘਟੋ ਘੱਟ |
| ਅਹਿਮਦ ਸ਼ਾਹ ਅਬਦਾਲੀ | ੬੦੦੦੦ |
| ਵਜੀਰ ਨਜੀਬ-ਉਦ ਦੌਲਾ | ੨੦੦੦੦ |
| ਛੋਟੇ ਕਰਮਚਾਰੀ ਅਤੇ ਆਮ ਮੁਸਲਮਾਨਾਂ ਵਲੋਂ | ੪੦੦੦ |

ਇਸ ਪ੍ਰਕਾਰ ਸ਼ਹੀਦਾਂ ਦੀ ਕੁੱਲ ਗਿਣਤੀ ਦੋ ਲੱਖ ਤੋਂ ਵੱਧ ਬਣਦੀ ਹੈ। ਇੰਨੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਸਿੱਖ ਰਾਜ ਕਾਇਮ ਹੋਇਆ। ਇਨ੍ਹਾਂ ਮਹਾਨ ਸ਼ਹੀਦਾਂ, ਸਿੱਖ ਰਾਜ ਦੇ ਉਸਰਈਆਂ ਵਿਚੋਂ ਇੱਕ ਮਹਾਨ ਯੋਧੇ ਬਾਬਾ ਰਾਮ ਸਿੰਘ ਬੇਦੀ ਦੀ ਗਾਥਾ ਇਸ ਲੇਖ ਵਿੱਚ ਕੀਤੀ ਗਈ ਹੈ।

ਬੇਦੀ ਵੰਸ਼ ਵਿੱਚ ਬਾਬਾ ਫਕੀਰ ਚੰਦ ਬੇਦੀ, ਸਤਵੀਂ ਪੀੜ੍ਹੀ ਗੁਰੂ ਨਾਨਕ ਦੇਵ ਜੀ ਜੋ ਮਹਾਨ ਤਿਆਗੀ ਤੇ ਬ੍ਰਹਮ ਗਿਆਨੀ ਸਨ, ਉਨ੍ਹਾਂ ਦੇ ਘਰ ਪਿੰਡ ਕੋਟਲੀ ਬਾਬਾ ਫਕੀਰ ਚੰਦ ਤਹਿਸੀਲ ਪਸਰੂਰ, ਜਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਚ ਆਪ ਦਾ ਜਨਮ ਹੋਇਆ। ਛੋਟੇ ਹੁੰਦਿਆਂ ਤੋਂ ਹੀ ਆਪ ਸਿੱਖੀ ਜਜ਼ਬੇ ਨਾਲ ਭਰਪੂਰ ਸਨ। ਬਾਲ ਅਵਸਥਾ ਵਿੱਚ ਹੀ ਆਪ ਜੰਗੀ ਸ਼ਸ਼ਤਰਾਂ ਦਾ ਅਭਿਆਸ ਆਪਣੇ ਸਾਥੀਆਂ  ਨਾਲ ਕਰਦੇ ਹੁੰਦੇ ਸਨ। ਆਪ ਦੇ ਪਿੰਡ ਦੇ ਆਲੇ ਦੁਆਲੇ ਦੇ ਅਫਗਾਨ ਅਤੇ ਸਿੰਘ ਛੋਟੇ ਜਿਹੇ ਬੱਚੇ ਦੀ ਦਲੇਰੀ ਦੀਆਂ ਗੱਲਾਂ ਸੁਣ ਕੇ ਬੜੇ ਹੈਰਾਨ ਹੁੰਦੇ ਸਨ। ਗਿਆਨੀ ਗਿਆਨ ਸਿੰਘ ਜੀ ਇਸ ਪ੍ਰਥਾਇ ਇਉਂ ਲਿਖਦੇ ਹਨ :

ਸੁਨਿ ਅਚਰਜ ਅਤਿ ਰਹੇ ਸਭਿ, ਸਿੰਘ ਔ ਅਫਗਾਨ।

ਬੇਦੀ ਸਾਹਿਬ ਰਾਮ ਸਿੰਘ, ਮਾਨਯੋ ਸ਼ਕਤੀ ਨਿਧਾਨ।

ਸਿਆਣੇ ਪੁਰਸ਼ ਕਹਿੰਦੇ ਸਨ ਕਿ ਬਾਬਾ ਫਕੀਰ ਚੰਦ ਦਾ ਬੇਟਾ ਨੂਰਾਨੀ ਰੂਹ ਹੈ ਜੋ ਕਿ ਰੱਬੀ ਰੰਗ ਵਿੱਚ ਰੱਤਾ ਹੋਇਆ ਹੈ। ਜਦੋਂ ਇਹ ਬਾਣੀ ਪੜ੍ਹਦਾ ਹੈ ਤਾਂ ਇਸ ਦੇ ਮੂੰਹੋਂ ਮਾਨੋ ਅੰਮ੍ਰਿਤ ਝਰਦਾ ਹੈ।

ਆਪ ਨੇ ਗੁਰਬਾਣੀ ਦੇ ਨਾਲ-ਨਾਲ ਸੰਸਕ੍ਰਿਤ, ਉਰਦੂ ਅਤੇ ਫਾਰਸੀ ਦੀ ਵਿਦਿਆ ਵੀ ਪ੍ਰਾਪਤ ਕੀਤੀ। ਪੰਥ ਦੇ ਵੱਡੇ-ਵੱਡੇ ਵਿਦਵਾਨ ਵੀ ਆਪ ਜੀ ਨਾਲ ਬਾਣੀ ਦੀਆਂ ਗੁਹਜ ਗੱਲਾਂ ਕਰਨ ਵਿੱਚ ਮਾਣ ਮਹਿਸੂਸ ਕਰਦੇ ਸਨ। ਸ਼ਸਤ੍ਰ ਵਿਦਿਆ ਵਿੱਚ ਵੀ ਆਪ ਨਿਪੁੰਨ ਹੋ ਗਏ ਸਨ। ਜਵਾਨ ਹੁੰਦਿਆਂ ਹੀ ਆਪ ਵੈਰੀ ਜ਼ਾਲਮਾਂ ਨਾਲ ਲੋਹਾ ਲੈਣ ਦੀ ਤਿਆਰੀ ਕਰਨ ਲੱਗੇ ਅਤੇ ਨਿਹੰਗ ਸਿੰਘ ਸਜ ਗਏ। ਆਪ ਦਾ ਕੱਦ ਸੱਤ ਫੁੱਟ, ਸਰੀਰ ਬਲਵਾਨ, ਗੁੱਤਿਆ ਹੋਇਆ, ਚਿਹਰਾ ਲਾਲ ਸੂਹਾ ਨੂਰਾਨੀ ਭਾਅ ਮਾਰਦਾ ਸੀ। ਆਪ ਘੋੜ ਸਵਾਰੀ ਦੇ ਬੜੇ ਮਾਹਰ ਸਨ ਭੱਜੇ ਜਾਂਦੇ ਘੋੜੇ ਤੇ ਸਵਾਰ ਹੋਣ ਤੇ ਉਤਰਨ ਵਿੱਚ ਆਪ ਦਾ ਕੋਈ ਸਾਨੀ ਨਹੀਂ ਸੀ। ਨੇਜ਼ਾ, ਤੇਗ, ਗੁਰਜ, ਭਾਲਾ, ਤੀਰ ਕਮਾਨ, ਪੇਸ਼ ਕਬਜ ਹਥਿਆਰਾਂ ਦੇ ਚਲਾਉਣ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਸਨ। ਆਪ ਦੇ ਬਲ ਦੀ ਧਾਂਕ ਸਾਰੇ ਇਲਾਕੇ ਵਿੱਚ ਫੈਲੀ ਹੋਈ ਸੀ। ਉਹ ਆਪਣੇ ਇਕੋ ਵਾਰ ਨਾਲ ਵੱਡੇ ਤੋਂ ਵੱਡੇ ਕੱਦ ਦੇ ਘੋੜੇ ਨੂੰ ਦੋ ਟੋਟੇ ਕਰ ਦਿੰਦੇ ਸਨ। ਆਪ ਦੀ ਕਮਾਨ ਦਾ ਚਿੱਲਾ ਚੜਾਉਣ ਦਾ ਕਿਸੇ ਵੀ ਜਵਾਨ ਨੂੰ ਹੀਆ ਨਹੀਂ ਪੈਂਦਾ ਸੀ। ਮੁਸਲਮਾਨ ਤਾਂ ਬਾਬਾ ਜੀ ਨੂੰ 'ਬਲਾ' (ਆਫਤ) ਸਮਝਦੇ ਸਨ ਤੇ ਉਨ੍ਹਾਂ ਦਾ ਨਾਂ ਸੁਣ ਕੇ ਹੀ ਭੱਜ ਜਾਂਦੇ ਸਨ। ਆਪ ਦੇ ਸਰੀਰ ਤੇ ਸਜਾਏ ਸ਼ਸਤਰਾਂ ਅਤੇ ਜਰਾਹ ਬਕਤਰ ਦਾ ਭਾਰ ਢਾਈ ਮਣ ਹੁੰਦਾ ਸੀ। ਹਰ ਜੱਥੇਦਾਰ ਰਣ ਤੱਤੇ ਵਿੱਚ ਜੂਝਣ ਲਈ ਆਪ ਜੀ ਤੋਂ ਅਸੀਸ ਲੈਣ ਵਿੱਚ ਮਾਣ ਮਹਿਸੂਸ ਕਰਦਾ ਸੀ। ਆਪ ਜੀ ਹਰ ਸਮੇਂ ਨਾਮ ਸਿਮਰਨ ਵਿੱਚ ਜੁਟੇ ਰਹਿੰਦੇ ਸਨ। ਆਪ ਜੀ ਦੇ ਮੁੱਖ ਤੋਂ ਨਿਕਲਿਆ ਸ਼ਬਦ ਸਤਿ ਦਾ ਰੂਪ ਧਾਰ ਲੈਂਦਾ ਸੀ ਪਰ ਆਪ ਬਹੁਤ ਘੱਟ ਬੋਲਦੇ ਸਨ। ਹਰ ਕੰਮ ਅਰਦਾਸ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਨਾਮਾ ਲੈ ਕੇ ਸ਼ੁਰੂ ਕਰਦੇ ਸਨ।

ਸ਼ਾਹ ਜਮਾਨ ਨੇ ਆਪਣੇ ਜਰਨੈਲ ਸ਼ਾਹ ਸਾਹਚੀ ਖਾਂ (ਮੀਰ ਅਹਿਮਦ ਖਾਂ) ਨੂੰ ਭਾਰੀ ਫੌਜ ਦੇ ਕੇ ਪੰਜਾਬ ਨੂੰ ਕਾਬੂ ਰੱਖਣ ਲਈ ਹੁਕਮ ਕੀਤਾ ਤੇ ਆਪ ਆਪਣੇ ਵਤਨ ਵਾਪਸ ਜਾਣ ਦੀ ਤਿਆਰੀ ਕਰਨ ਲੱਗਾ। ਉਸ ਸਮੇਂ ਉੱਤਰ-ਪੱਛਮੀ ਪੰਜਾਬ ਦੇ ਹਿੰਦੂਆਂ ਦੇ ਜੀਣ ਦਾ ਕੋਈ ਹੱਜ ਨਹੀਂ ਸੀ। ਉਨ੍ਹਾਂ ਦੀਆਂ ਧੀਆਂ-ਭੈਣਾਂ ਚੁੱਕ ਕੇ ਗਜਨੀ ਵਿੱਚ ਵੇਚੀਆਂ ਜਾਂਦੀਆਂ ਸਨ। ਇਸ ਹਾਲਤ ਵਿੱਚ ਸਿਆਣੇ ਹਿੰਦੂ ਅਟਕ ਤੋਂ ਗੁਜਰਾਂਵਾਲੇ ਤੱਕ ਦੇ ਵਾਸੀ ਇਕੱਠੇ ਹੋ ਕੇ ਅੰਮ੍ਰਿਤਸਰ ਪਹੁੰਚੇ। ਉਸ ਦਿਨ ਕੁਦਰਤੀ ਸ੍ਰੀ ਅਕਾਲ ਤਖਤ ਸਾਹਿਬ ਤੇ ਸਿੰਘਾਂ ਦਾ ਦੀਵਾਨ ਸਜਿਆ ਹੋਇਆ ਸੀ। ਇਸ ਦੀਵਾਨ ਵਿੱਚ ਹਾਜਰ ਹੋ ਕੇ ਹਿੰਦੂਆਂ ਦੇ ਮੁਖੀਆਂ ਨੇ ਫਰਿਆਦ ਕੀਤੀ ਕਿ ਸਾਡੀ ਰੱਖਿਆ ਕੀਤੀ ਜਾਵੇ। ਨਹੀਂ ਤਾਂ ਜ਼ਾਲਮ ਸਾਡਾ ਨਾਮੋ-ਨਿਸ਼ਾਨ ਹੀ ਮਿਟਾ ਦੇਣਗੇ। ਇਹ ਤਰਲੇ ਭਰੀ ਪੁਕਾਰ ਸੁਣ ਕੇ ਬਾਬਾ ਰਾਮ ਸਿੰਘ ਬੇਦੀ ਜੀ ਦੀਆਂ ਅੱਖਾਂ ਵਿਚੋਂ

ਹੰਝੂ ਵਗਣ ਲੱਗ ਪਏ। ਜੋਸ਼ ਵਿੱਚ ਆ ਕੇ ਭਰੇ ਦੀਵਾਨ ਵਿੱਚ ਉੱਠ ਖੜੇ ਹੋਏ ਤੇ ਕਹਿਣ ਲੱਗੇ, 'ਖਾਲਸਾ ਜੀ, ਹੁਣ ਪਾਣੀ ਸਿਰ ਤੋਂ ਲੰਘ ਗਿਆ ਹੈ, ਹੁਣ ਦੋ ਟੁੱਕ ਫੈਸਲਾ ਕਰੋ ਕਿ ਪੰਜਾਬ ਵਿੱਚ ਖਾਲਸਾ ਰਹੇਗਾ ਜਾਂ ਦੁਰਾਨੀ' (ਪਠਾਣ)। ਇਸ ਜੋਸ਼ ਭਰੇ ਵਾਤਾਵਰਨ ਵਿੱਚ ਗੁਰਮੱਤਾ ਕੀਤਾ ਗਿਆ ਕਿ ਸਿੰਘ ਹੁਣ ਬਦੇਸੀ ਲੁਟੇਰਿਆਂ ਨੂੰ ਸਦਾ ਲਈ ਪੰਜਾਬ ਚੋਂ ਬਾਹਰ ਕੱਢ ਕੇ ਹੀ ਸਾਹ ਲੈਣਗੇ। ਸਿੰਘਾਂ ਨੇ ਬਾਬਾ ਰਾਮ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਹੀ ਗੁਰੂ ਚਰਨਾਂ ਵਿੱਚ ਅਰਦਾਸ ਕਰੋ ਕਿ ਮੋਰਚਾ ਫਤਿਹ ਹੋਵੇ। ਬਾਬਾ ਜੀ ਨੇ ਅਰਦਾਸ ਕਰਦੇ ਅੰਤ ਵਿੱਚ ਕਿਹਾ ਕਿ ਹੇ ਗੁਰੂ ਕਲਗੀਆਂ ਵਾਲੇ ਪਾਤਸ਼ਾਹ ਹੁਣ ਆਪ ਦੇ ਸਿੰਘਾਂ ਜਾਂ ਦੁਰਾਨੀਆਂ ਵਿਚੋਂ ਜਿਸ ਨੂੰ ਆਪ ਚਾਹੋ ਦੇਸ ਦੀ ਸੇਵਾ ਬਖਸ਼ੋ। ਅਰਦਾਸਾ ਕਰਕੇ ਬਾਬਾ ਰਾਮ ਸਿੰਘ ਦੀ ਕਮਾਨ ਹੇਠ ਸੱਠ ਹਜਾਰ ਸਿਰਲੱਥ ਸੂਰਬੀਰ ਯੋਧਿਆਂ ਦਾ ਲਸ਼ਕਰ ਫੈਸਲਾਕੁਨ ਜੰਗ ਕਰਨ ਲਈ ਚੜ੍ਹ ਪਿਆ। ਘਮਸਾਨ ਦਾ ਯੁੱਧ ਹੋਇਆ ਸਿੰਘਾਂ ਨੇ ਗੁਜਰਾਤ ਦਾ ਸਾਰਾ ਇਲਾਕਾ ਫਤਿਹ ਕਰ ਲਿਆ ਅਤੇ ਆਪੋ ਵਿੱਚ ਵੰਡ ਲਿਆ।

ਰਸੂਲ ਕਰਾਜ (ਰਾਮ ਬਾਗ ਨਗਰ) ਜ਼ਿਲ੍ਹਾ ਗੁਜਰਾਂਵਾਲੇ ਦਾ ਪ੍ਰਸਿੱਧ ਕਸਬਾ ਹੈ। ਇਸ ਕਸਬੇ ਨੂੰ ਜਰਨੈਲ ਸ਼ਾਹ ਸਾਹਚੀ ਖਾਂ ਨੇ ਚਾਰੇ ਪਾਸਿਓ ਘੇਰ ਲਿਆ। ਇਸ ਤੇ ਸ. ਰਣਜੀਤ ਸਿੰਘ ਦਾ ਕਬਜ਼ਾ ਸੀ। ਜਦੋਂ ਇਸ ਘੇਰੇ ਦੀ ਖਬਰ ਗੁਜਰਾਤ ਸਿੰਘਾਂ ਕੋਲ ਪਹੁੰਚੀ ਤਦ ਸਮੂਹ ਜੱਥੇ ਜਮਨਾ ਤੋਂ ਲੈ ਕੇ ਰਾਵਲ ਪਿੰਡੀ ਤੱਕ ਦੇ ਸਾਰੇ ਸਿੰਘ ਸਰਦਾਰ ਰਣਜੀਤ ਸਿੰਘ ਦੀ ਮਦਦ ਲਈ ਪਹੁੰਚ ਗਏ। ਸਾਹਚੀ ਦੀਆਂ ਫੌਜਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਉਸ ਸਮੇਂ ਦੇ ਸਿੰਘਾਂ ਦਾ ਕਿਰਦਾਰ ਵੇਖੋ ਭੀੜ ਪੈਣ ਤੇ ਸਾਰੇ ਇਕੱਠੇ ਹੋ ਕੇ ਜਾਲਮਾਂ ਦਾ ਮੁਕਾਬਲਾ ਕਰਦੇ ਸਨ। ਸਾਹਚੀ ਰਾਮ ਨਗਰ ਨੂੰ ਛੱਡ ਕੇ ਗੁਜਰਾਤ ਵਾਲੇ ਪਾਸੇ ਨੂੰ ਵਧਿਆ ਤਾਂ ਜੋ ਸਰਦਾਰ ਸਾਹਿਬ ਸਿੰਘ ਭੰਗੀ ਨੂੰ ਉਥੋਂ ਕੱਢਿਆ ਜਾਵੇ। ਉਸ ਵੇਲੇ ਸਾਹਚੀ ਖਾਂ ਕੋਲ ਭਾਰੀ ਫੌਜ ਸੀ। (ਤੀਹ ਚਾਲੀ ਹਜਾਰ ਤੋਂ ਵੀ ਵੱਧ)। ਇਸ ਯੁੱਧ ਦੀ ਖਬਰ ਬਾਬਾ ਰਾਮ ਸਿੰਘ ਜੀ ਨੂੰ ਜੋ ਕਿ ਉਸ ਸਮੇਂ ਆਪਣੇ ਪਿੰਡ ਕੋਟਲੀ ਫਕੀਰ ਚੰਦ ਵਿੱਚ ਸਨ ਮਿਲੀ ਕਿ ਸਿੰਘ ਗੁਜਰਾਤ ਵਿੱਚ ਫਸ ਗਏ ਹਨ। ਬਾਬਾ ਜੀ ਝੱਟ ਪੱਟ ਨਿਹੰਗ ਸਿੰਘਾਂ ਦਾ ਭਾਰੀ ਜੱਥਾ ਲੈ ਕੇ ਗੁਜਰਾਤ ਨੂੰ ਕੂਚ ਕਰ ਗਏ।

ਦੂਜੇ ਪਾਸਿਉ ਅੱਲਾ ਯਾਰ ਖਾਂ ਵੀਹ ਹਜ਼ਾਰ ਅਫਗਾਨੀ ਫੌਜ ਲੈ ਕੇ ਜੰਗ ਦੇ ਮੈਦਾਨ ਵਿੱਚ ਆ ਨਿਤਰਿਆ। ਅੱਲਾ ਯਾਰ ਖਾਂ ਜਦੋਂ ਤੋਪਾਂ ਦੀ ਮਾਰ ਹੇਠ ਪਹੁੰਚ ਗਿਆ ਤਾਂ ਸ.ਸਾਹਿਬ ਸਿੰਘ ਨੇ ਬਾਬਾ ਰਾਮ ਸਿੰਘ ਜੀ ਤੋਂ ਅਰਦਾਸ ਕਰਾਕੇ ਫਾਇਰ ਖੋਲ ਦਿੱਤਾ। ਜ਼ਾਲਮ ਦੀ ਫੌਜ ਭੱਠੀ ਦੇ ਦਾਣਿਆਂ ਵਾਂਗ ਭੁੰਨ ਸੁੱਟੀ। ਅੱਲਾ ਯਾਰ ਖਾਂ ਭੱਜਣ ਹੀ ਵਾਲਾ ਸੀ ਕਿ ਸਾਹਚੀ ਖਾਂ ਬੇਸ਼ੁਮਾਰ ਫੌਜ ਸਮੇਤ ਮੈਦਾਨੇ ਜੰਗ ਵਿੱਚ ਪਹੁੰਚ ਗਿਆ। ਸਾਹਚੀ ਖਾਂ ਤੋਪਖਾਨੇ ਦਾ ਭਾਰੀ ਮਾਹਰ ਸੀ। ਉਸ ਨੇ ਫਾਇਰਿੰਗ ਕਰਾ ਕੇ ਨਿਹੰਗ ਫੌਜਾਂ ਦਾ ਭਾਰੀ ਨੁਕਸਾਨ ਕੀਤਾ। ਅੱਲਾ ਯਾਰ ਖਾਂ ਦਾ ਹੌਂਸਲਾ ਵਧ ਗਿਆ ਉਹ ਉਸ ਪਾਸੇ ਵਲ ਵਧਿਆ ਜਿਥੇ ਬਾਬਾ ਰਾਮ ਸਿੰਘ ਜੀ

ਸਿੰਘਾਂ ਦੀ ਕਮਾਨ ਕਰ ਰਹੇ ਸਨ। ਇਕ ਸਿੰਘ ਨੇ ਬਾਬਾ ਜੀ ਨੂੰ ਦਿਖਾਇਆ ਕਿ ਔਹ ਅੱਲਾ ਯਾਰ ਖਾਂ ਕਾਲੇ ਘੋੜੇ ਤੇ ਸੁਆਰ ਹੈ। ਬਾਬਾ ਜੀ ਨੇ ਬੰਦੂਕ ਦੇ ਇੱਕ ਹੀ ਵਾਰ ਨਾਲ ਉਸ ਨੂੰ ਚਿੱਤ ਕਰ ਦਿੱਤਾ।

ਘਮਸਾਨ ਦੀ ਜੰਗ ਤੋਂ ਬਾਅਦ ਵੀ ਸ਼ਾਹੀ ਫੌਜ ਦੇ ਪੈਰ ਨਾ ਉਖੜੇ ਤਦ ਬਹੁਤ ਸਾਰੇ ਸਿੰਘ ਹੌਸਲਾ ਛੱਡ ਬੈਠੇ ਤੇ ਰਾਤੋ ਰਾਤ ਮੈਦਾਨ ਚੋਂ ਨਿਕਲਣ ਦੀ ਸੋਚਣ ਲੱਗੇ। ਇਹ ਖਬਰ ਜਦੋਂ ਬਾਬਾ ਰਾਮ ਸਿੰਘ ਨੂੰ ਮਿਲੀ ਤਾਂ ਝੱਟ ਉੱਥੇ ਪੁੱਜ ਗਏ। ਬਾਬਾ ਜੀ ਨੇ ਪੁੱਛਿਆ ਕਿ ਸਿੰਘੋ ਤੁਸੀਂ ਮੈਨੂੰ ਸੱਚਾ ਸਮਝਦੇ ਹੋ ਜਾਂ ਝੂਠਾ। ਸਾਰਿਆਂ ਨੇ ਬੇਨਤੀ ਕੀਤੀ ਕਿ ਬਾਬਾ ਜੀ ਤੁਸੀਂ ਸੱਚੇ ਹੋ। ਫਿਰ ਬਾਬਾ ਜੀ ਨੇ ਕਿਹਾ ਫਿਰ ਸੁਣੋ ਆਖਿਰ ਫਤਿਹ ਖਾਲਸੇ ਦੀ ਹੀ ਹੋਵੇਗੀ। ਅੱਜ ਅੰਮ੍ਰਿਤ ਵੇਲੇ ਗੁਰੂ ਗੋਬਿੰਦ ਸਿੰਘ ਜੀ ਆਪਣੀ ਗੁਪਤ ਫੌਜ ਲੈ ਕੇ ਖਾਲਸਾ ਦਲ ਦੀ ਅਗਵਾਈ ਕਰਨਗੇ। ਸ਼ਰਧਾਵਾਨਾਂ ਨੂੰ ਉਨ੍ਹਾਂ ਦੇ ਪ੍ਰਤੱਖ ਦਰਸ਼ਨ ਹੋਣਗੇ। ਮੈਂ ਵੀ ਕੱਲ੍ਹ ਹਜੂਰ ਦੇ ਨਾਲ ਹੀ ਦੂਸਰੀ ਦੁਨੀਆਂ ਵਿੱਚ ਚਲਾ ਜਾਵਾਂਗਾ। ਫਤਹਿ ਅਟੱਲ ਹੈ। ਬਾਬਾ ਜੀ ਦੇ ਬਚਨ ਸੁਣ ਕੇ ਸਿੰਘਾਂ ਨੇ ਕਿਹਾ ਕਿ ਆਪ ਹੁਣ ਅਰਦਾਸ ਕਰੋ ਕਿ ਦਸਮੇਸ਼ ਪਿਤਾ ਸਾਨੂੰ ਫਤਿਹ ਬਖਸ਼ੇ। ਅਰਦਾਸ ਪਿਛੋਂ ਬਾਬਾ ਜੀ ਨੇ ਕੇਸਰੀ ਪੁਸ਼ਾਕ ਪਹਿਨ ਜੰਗ ਦਾ ਗਾਨਾ ਬੰਨਵਾਇਆ, ਸਿਹਰੇ ਦੋਮਾਲੇ ਤੇ ਸਜਾਏ। ਤੜਕ ਸਾਰ ਨਿਹੰਗ ਸਿੰਘਾਂ ਨੇ ਨਿਤਨੇਮ ਕਰਕੇ ਜੈਕਾਰੇ ਗਜਾਏ, ਨਗਾਰੇ ਤੇ ਚੋਟ ਲਾ ਕੇ ਸ਼ੇਰਾਂ ਵਾਂਗ ਵੈਰੀ ਤੇ ਟੁੱਟ ਪਏ। ਅਕਾਲੀ ਫੌਜ ਨੂੰ ਇਹ ਹੀ ਨਜ਼ਰ ਆਉਂਦਾ ਸੀ ਨੀਲੇ ਘੋੜੇ ਤੇ ਸਵਾਰ, ਹੱਥ ਤੇ ਚਿੱਟਾ ਬਾਜ ਸਜਾਇ ਹੋਏ ਦਸਮੇਸ਼ ਪਿਤਾ ਬਾਬਾ ਜੀ ਤੋਂ ਇਕ ਕਦਮ ਅੱਗੇ ਦੁਸ਼ਮਣ ਵੱਲ ਵਧ ਰਹੇ ਹਨ। ਇਹ ਦ੍ਰਿਸ਼ ਵੇਖ ਕੇ ਸਿੰਘਾਂ ਨੇ ਹੱਥੋ ਹੱਥ ਜੰਗ ਸ਼ੁਰੂ ਕਰ ਦਿੱਤੀ। ਧਰਤੀ ਲਹੂ ਨਾਲ ਰੰਗੀ ਗਈ। ਥਾਂ ਥਾਂ ਤੇ ਵੈਰੀ ਫੌਜੀਆਂ ਦੀਆਂ ਲਾਸ਼ਾ ਦੇ ਢੇਰ ਲਗ ਗਏ।

ਪਠਾਣਾਂ ਦੀਆਂ ਫੌਜਾਂ ਦੀ ਬੇਦਿਲੀ ਵੇਖ ਕੇ ਸਿਪਾਹ-ਸਲਾਰ ਜਮਾਲ ਖਾਂ ਨੇ ਮੋਰਚਾ ਸੰਭਾਲਿਆ। ਜਮਾਲ ਖਾਂ ਸਿੰਘਾਂ ਹੱਥੋਂ ਮਾਰਿਆ ਗਿਆ। ਫਿਰ ਜਰਨੈਲ ਮੁਰੀਦ ਖਾਂ ਨੇ ਕਮਾਨ ਸੰਭਾਲੀ, ਉਸ ਨੇ ਸੋਚਿਆ ਕਿ ਜੇਕਰ ਅਸੀਂ ਬਾਬਾ ਰਾਮ ਸਿੰਘ ਨੂੰ ਮਾਰ ਲਈਏ ਤਾਂ ਅਸੀਂ ਜਿੱਤ ਸਕਦੇ ਹਾਂ ਇਸ ਲਈ ਉਹ ਘੋੜਾ ਪ੍ਰੇਰ ਕੇ ਬਾਬਾ ਰਾਮ ਸਿੰਘ ਦੇ ਸਾਹਮਣੇ ਆ ਪਹੁੰਚਿਆ ਦੋਹਾਂ ਜਰਨੈਲਾਂ ਦਾ ਯੁੱਧ ਹੋਣ ਲੱਗ। ਬਾਬਾ ਜੀ ਉੱਤੇ ਮੁਰੀਦ ਖਾਂ ਨੇ ਕਈ ਵਾਰ ਕੀਤੇ ਪਰ ਕੋਈ ਵੀ ਕਾਰਗਰ ਨਾ ਹੋਇਆ। ਫਿਰ ਬਾਬਾ ਜੀ ਨੇ ਇਕੋਂ ਹੀ ਵਾਰ ਵਿੱਚ ਉਸ ਨੂੰ ਜਹੰਨਮ ਪਹੁੰਚਾ ਦਿੱਤਾ। ਫਿਰ ਸਾਹਚੀ ਖਾਂ ਦਾ ਛੋਟਾ ਭਰਾ ਅਬਦੁਲਾ ਖਾਂ ਪੰਜ ਹਜਾਰ ਫੌਜ ਲੈ ਕੇ ਟਾਕਰੇ ਤੇ ਆ ਗਿਆ। ਆਖਿਰ ਬਾਬਾ ਰਾਮ ਸਿੰਘ ਜੀ ਨੇ ਇਕੋ ਵਾਰ ਨਾਲ ਅਬਦੁਲਾ ਖਾਂ ਦੇ ਦੋ ਟੋਟੇ ਕਰ ਦਿੱਤੇ। ਆਪਣੇ ਭਰਾ ਦੀ ਮੌਤ ਵੇਖ ਕੇ ਸਾਹਚੀ ਬਹੁਤ ਤਿਲਮਲਾਇਆ। ਉਸ ਨੇ ਰੋਹ ਵਿੱਚ ਬਾਬਾ ਜੀ ਦੇ ਵਾਰ ਕੀਤਾ। ਜੋ ਖੁੰਝ ਗਿਆ। ਅਗੋਂ ਬਾਬਾ ਜੀ ਨੇ ਸਾਹਚੀ ਦੇ ਘੋੜੇ ਦੇ ਦੋ ਟੋਟੇ ਕਰ ਸੁੱਟੇ ਪਰ ਸਾਂਹਚੀ ਵਾਲ-ਵਾਲ ਬਚ ਗਿਆ। ਸਾਹਚੀ ਖਾਂ ਦੂਸਰੇ ਘੋੜੇ ਤੇ ਸੁਆਰ ਹੋ ਕੇ ਕੇ

ਮੁੜ ਅਗੇ ਵਧਿਆ। ਬਾਬਾ ਜੀ ਦੇ ਜੱਥੇ ਤੇ ਮਾਰੂ ਹਮਲਾ ਕਰਵਾਇਆ। ਬਾਬਾ ਜੀ ਵੀ ਸੂਰਮੇ ਸਿੰਘਾਂ ਸਮੇਤ ਦੁਸ਼ਮਣ ਦੀ ਫੌਜ ਵਿੱਚ ਵੜ ਗਏ। ਘਮਸਾਨ ਦਾ ਯੁੱਧ ਹੋਇਆ। ਇੰਨੇ ਨੂੰ ਸਾਹਚੀ ਖਾਂ ਦੀ ਛਾਤੀ ਵਿਚ ਦੋ ਗੋਲੀਆਂ ਵਜੀਆਂ ਤੇ ਉਹ ਘੋੜੇ ਤੋਂ ਥੱਲੇ ਜਾ ਪਿਆ। ਬਾਬਾ ਜੀ ਦੇ ਸਰੀਰ ਤੇ ਵੀ ਬਹੁਤ ਗੋਲੀਆਂ ਲੱਗੀਆਂ। ਇਸ ਹਾਲਤ ਵਿੱਚ ਬਾਬਾ ਜੀ ਨੇ ਸਿੰਘਾਂ ਨੂੰ ਕਿਹਾ ਕਿ ਮੇਰੀ ਭਸਮ ਨੂੰ ਇੱਕ ਵਾਰ ਲਾਹੌਰ ਜ਼ਰੂਰ ਪਹੁੰਚਾ ਦੇਣਾ ਤਾਂ ਜੋ ਮੈਂ ਖਾਲਸੇ ਦਾ ਝੰਡਾ ਝੁੱਲਦਾ ਵੇਖ ਸਕਾਂ। ਲਾਹੌਰ ਵਿੱਚ ਖਾਲਸੇ ਦਾ ਰਾਜ ਹੋਵੇਗਾ। ਬਾਬਾ ਜੀ ਏਨੀ ਗਲ ਕਹਿ ਕੇ ਸ਼ਹੀਦ ਹੋ ਗਏ। ਓਧਰੋਂ ਸਾਹਚੀ ਖਾਂ ਦੇ ਮਰਨ ਦੀ ਦੇਰ ਸੀ ਕਿ ਅਫਗਾਨੀ ਫੌਜਾਂ ਨੱਠ ਤੁਰੀਆਂ ਸਿੰਘਾਂ ਨੇ ਬੜੀ ਦੂਰ ਤਕ ਪਿੱਛਾ ਕੀਤਾ ਭਾਵ ਅਟਕ ਦਰਿਆ ਪਾਰ ਕਰਾਕੇ ਹੀ ਪਿਛੇ ਮੁੜੇ। ਗਿਆਨੀ ਗਿਆਨ ਸਿੰਘ ਜੀ ਨੇ ਇਹ ਵਾਰਤਾ ਨੂੰ ਇਉਂ ਪੇਸ਼ ਕੀਤਾ ਹੈ :

ਰਾਮ ਸਿੰਘ ਬੇਦੀ ਦੀ ਸਾਖੀ। ਸੁਣੋ ਬੀਚ ਜੋ ਬਾਕੀ ਰਾਖੀ।
ਗਿਲਜਯੋ ਕੋ ਸਿੰਘ ਅਟਕ ਟਪਾਹੈ । ਫਤੇ ਨੇ ਪ੍ਰਤਾਪ ਗੁਰੂ ਤੇ ਪਾਹੈ ।
ਜੰਗ ਇਹ ਅੰਤਮ ਬੜ ਥੀਆ। ਗੁਰੂ ਜਤਾਇ ਪੰਥ ਕੋ ਦੀਆ ।
ਆਠ ਹਜਾਰਕ ਸਿੰਘ ਤਬਿਯਹੋ ਸ਼ਹੀਦ। ਤੀਸ ਹਜਾਰ ਕ ਤੁਰਕਕੀ ਲੈ ਬੁਤ ਜੰਗ ਰਸੀਦ।
ਬੇਦੀ ਰਾਮ ਸਿੰਘ ਲਰਿ ਅਰਿ ਗਨ ਬੜ ਮਾਰਿ।
ਸੰਮੁਖ ਭਯੋ ਸ਼ਹੀਦ ਜਬ ਲਗਯੋਂ ਕਬੰਧ ਅਪਾਰ ।

ਬਾਬਾ ਰਾਮ ਸਿੰਘ ਤੇ ਹੋਰ ਬੇਸ਼ੁਮਾਰ ਸਿੰਘਾਂ ਨੇ ਗੁਜਰਾਤ ਦੀ ਮਹਾਨ ਜੰਗ ਜਿੱਤ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਬਾਬਾ ਰਾਮ ਸਿੰਘ ਬੇਦੀ ਜਿਹੇ ਪੂਰਨ ਗੁਰਸਿੱਖ ਸੂਰਿਆਂ ਦੀ ਕੁਰਬਾਨੀ ਸਦਕਾ ਹੀ ਸਿੱਖ ਰਾਜ ਕਾਇਮ ਹੋਇਆ ਅਤੇ ਜ਼ਾਲਮ ਲੁਟੇਰਿਆਂ ਲਈ ਪੰਜਾਬ ਦੇ ਬੂਹੇ ਸਦਾ ਲਈ ਬੰਦ ਹੋ ਗਏ। ਬਾਬਾ ਰਾਮ ਸਿੰਘ ਜੀ ਪਿੰਡ ਪੜੋਪੀਆਂ (ਗੁਜਰਾਤ) ਵਿੱਚ ਸ਼ਹੀਦ ਹੋਏ ਸਨ ਉੱਥੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਸੀ। ਦੂਜਾ ਅਸਥਾਨ ਪਿੰਡ ਕੋਟਲੀ ਫਕੀਰ ਚੰਦ ਜ਼ਿਲ੍ਹਾ ਸਿਆਲਕੋਟ ਵਿੱਚ ਵੀ ਸੀਸ ਗੰਜ ਨਾ ਦਾ ਗੁਰਦੁਆਰਾ ਯਾਦਗਾਰ ਵਜੋਂ ਸੁਭਾਇਮਾਨ ਸੀ।

–o–o–


## ਫ੍ਰੀ ਕੀਰਤਨ ਸਿਖਲਾਈ ਸੇਵਾ

ਗੁਰਦੁਆਰਾ ਦੂਖ ਨਿਵਾਰਨ ਸਾਹਿਬ ਨੇੜੇ ਰੇਲਵੇ ਫਾਟਕ,
ਉਪਲੀ ਰੋਡ, ਸੰਗਰੂਰ ਵਿਖੇ ਹਫਤੇ ਵਿੱਚ ਤਿੰਨ ਦਿਨ
ਫ੍ਰੀ ਕੀਰਤਨ ਸਿਖਲਾਈ ਦਿੱਤੀ ਜਾਵੇਗੀ।
ਸੰਪਰਕ ਕਰੋ : ਪ੍ਰੋ.ਮੁਕੰਦ ਸਿੰਘ, ਮੋ.ਨੰ. 78372-13635

# ਕੰਮ ਦੀਆਂ ਗੱਲਾਂ

-ਸ.ਹਰੀ ਸਿੰਘ ਕੁਵੈਤ ਵਾਲੇ

ਹਰ ਮਜ਼ਹਬ ਵਿਚ 'ਧਰਮ' ਬਾਰੇ ਅਲਗ ਅਲਗ ਉਪਦੇਸ਼ ਹਨ। ਸਿੱਖ ਧਰਮ ਵਿਚ ਗੁਰ ਮਰਿਆਦਾ ਅਨੁਸਾਰ ਜੀਵਨ ਬਤੀਤ ਕਰਨਾ ਤੇ ਹਰ ਸਮੇ ਸੇਵਾ ਤੇ ਸਿਮਰਨ ਵਿੱਚ ਰਹਿਣਾ, ਇਹ ਧਰਮੀ ਬੰਦੇ ਦੀਆਂ ਨਿਸਾਨੀਆਂ ਹਨ। ਗੁਰਬਾਣੀ ਵਿਚ ਧਰਮ ਨੂੰ ਪਰਮਾਤਮਾ ਦੇ ਨਾਮ ਵਾਂਗ ਦੁਰਲਭ ਦਰਸਾਇਆ ਹੈ:-

**ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥**
**ਨਾਨਕ ਤਿਸੁ ਮਿਲੈ ਜਿਸ ਲਿਖਿਆ ਧੁਰਿ ਕਰਮਿ ॥** (ਅੰਗ-੨੭੮)

ਇਸੇ ਤਰ੍ਹਾਂ ਧਰਮ ਬਾਰੇ ਹੋਰ ਵਿਚਾਰ ਹੈ:-

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥** (ਅੰਗ-੨੬੬)

ਇਥੇ ਦੋ ਸਵਾਲ ਕੀਤੇ ਹਨ ਤੇ ਦੋਹਾਂ ਦਾ ਇਕੋ ਹੀ ਉਤਰ ਹੈ। ਪਹਿਲਾਂ, ਸਾਰਿਆਂ ਧਰਮਾਂ ਵਿਚੋਂ ਕਿਹੜਾ ਉਤਮ ਧਰਮ ਹੈ-ਉਤਰ ਹੈ "**ਹਰਿ ਕੋ ਨਾਮੁ ਜਪਿ॥**" ਦੂਸਰਾ, ਸਾਰਿਆਂ ਕਰਮਾਂ ਵਿਚੋਂ ਕਿਹੜਾ ਪਵਿਤਰ ਕਰਮ ਹੈ। ਉਤਰ ਹੈ "**ਹਰਿ ਕੋ ਨਾਮੁ ਜਪਿ॥**" ਧਰਮ ਸਾਰੇ ਬ੍ਰਹਿਮੰਡ ਦੀ ਅਨੇਕਤਾ ਵਿਚੋਂ ਇਕ ਪਰਮਾਤਮਾ ਨੂੰ ਲੱਭਣ ਦਾ ਨਾਮ ਹੈ। ਧਰਮ ਇਕ ਸਮਦ੍ਰਿਸ਼ਟੀ ਦਾ ਨਾਮ ਹੈ। ਧਰਮ ਇਕ ਮਹਾਂਰਸ ਹੈ। ਧਰਮ ਇਕ ਨਿਰਭੈ ਤੇ ਨਿਰਵੈਰ ਜਜ਼ਬੇ ਦਾ ਨਾਮ ਹੈ ਅਤੇ ਜੇ ਇਹ ਜੀਵਨ ਵਿਚ ਨਹੀਂ ਤਾਂ ਕੋਈ ਧਰਮੀ ਨਹੀਂ ਹੋ ਸਕਦਾ। ਜੇ ਜੀਵਨ ਵਿਚ ਖੇੜਾ, ਖੁੱਸ਼ੀ ਤੇ ਆਨੰਦ ਹੈ ਤਾਂ ਹੀ ਕੋਈ ਧਰਮੀ ਹੈ ਪਰ ਜੇ ਚਿੰਤਾ, ਸੋਗ ਤੇ ਸਮੱਸਿਆਵਾਂ ਵਿਚ ਹੀ ਡੁਬੇ ਹੋ ਤਾਂ ਸਮਝੋ ਅਜੇ ਧਰਮੀ ਨਹੀਂ ਬਣੇ।

ਧਰਮੀ ਬੰਦਾ ਉਹ ਹੈ ਜੋ ਆਪਣੇ ਜੀਵਨ ਦੀ ਹਰ ਕ੍ਰਿਆ ਨੂੰ ਬਕਾਇਦਾ ਇਕ ਵਿਧਾਨ ਦਿੰਦਾ ਹੈ ਤੇ ਨਿਯਮ ਪੂਰਬਕ ਜੀਵਨ ਬਤੀਤ ਕਰਦਾ ਹੈ। ਉਹ ਆਪਣਾ ਹਰ ਕਦਮ ਵੇਖ ਕੇ ਰਖੇਗਾ। ਪੂਰਨ ਤੌਰ ਤੇ ਸੋਚ ਕੇ ਬੋਲੇਗਾ, ਖਾਣ ਪੀਣ ਲੱਗਿਆਂ ਆਪਣੇ ਹੋਸ਼ ਕਾਇਮ ਰਖੇਗਾ ਅਤੇ ਸਦਾ ਪ੍ਰਭੂ ਸਿਮਰਨ ਵਿਚ ਲਗਾ ਰਹੇਗਾ। ਉਹ ਹਰ ਰੋਜ਼ ਆਪਣੇ ਕੰਮ ਧੰਦੇ ਦੇ ਕਮਾਏ ਹੋਏ ਪੈਸਿਆਂ ਵਾਂਗ ਦਿਨ ਭਰ ਦੇ ਆਪਣੇ ਭੈੜੇ ਤੇ ਚੰਗੇ ਕੀਤੇ ਕਰਮਾਂ ਦਾ ਲੇਖਾ ਜੋਖਾ ਵੀ ਕਰੇਗਾ।

ਧਰਮ ਨੂੰ ਆਪਣੀ ਮੰਜ਼ਿਲ ਅਤੇ ਸੰਸਾਰ ਨੂੰ ਸਾਧਨ ਬਣਾਉ ਤਾਂ ਫਿਰ ਜੀਵਨ ਸਫ਼ਲ ਹੋ ਗਿਆ। ਜੋ ਮਾਰਗ ਸੰਸਾਰ ਵਿਚ ਬੁਲੰਦੀਆਂ ਤੇ ਲੈ ਜਾਂਦੇ ਹਨ, ਉਹੀ ਪਰਮਾਰਥ ਵਿਚ ਢਹਿੰਦੀਆਂ ਕਲਾਂ ਦਾ ਕਾਰਨ ਬਣਦੇ ਹਨ। ਪਰਮਾਰਥ ਤੇ ਇਸ ਸੰਸਾਰ ਦੇ ਰਾਹ, ਇਕ ਦੂਜੇ ਤੋਂ ਇਤਨੇ ਦੂਰ ਹਨ ਜਿਵੇਂ ਕਿ ਇਕ ਅਸਮਾਨ ਵਲ ਚੜ੍ਹਾਈ ਅਤੇ ਦੂਸਰਾ ਅਸਮਾਨ ਵਲੋਂ ਉਤਰਾਈ ਹੋਵੇ। ਜੋ ਲੋਕ ਇਸ ਦੁਨੀਆਂ ਵਿਚ ਬਹੁਤ ਕੁਝ ਪ੍ਰਾਪਤ ਕਰ ਲੈਂਦੇ ਹਨ, ਉਹ ਆਮ ਕਰਕੇ ਧਰਮ ਦੀ ਦੁਨੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਦੂਸਰੇ ਪਾਸੇ ਜੋ ਧਰਮ ਦੀ ਦੁਨੀਆਂ ਵਿਚ ਮਸਤ ਹੋ ਗਏ, ਉਹ ਇਸ ਦੁਨੀਆਂ ਵਿਚ ਭਾਵੇਂ ਪਿਛੇ ਰਹਿ ਗਏ ਪਰ ਪਰਮਾਤਮਾ ਦੇ ਦਰ ਤੇ ਕਬੂਲ ਹੋ ਜਾਂਦੇ ਹਨ।

ਧਰਮ ਦੇ ਮਾਰਗ ਤੇ ਚਲਣਾ ਕੋਈ ਬੱਚਿਆਂ ਦੀ ਖੇਡ ਨਹੀਂ। ਮਨ ਦੀ ਮੱਤ ਤਿਆਗਣੀ ਤੇ ਗੁਰੂ ਦੀ ਮੱਤ ਤੇ ਚਲਣਾ ਅਤਿਅੰਤ ਕਠਿਨ ਕੰਮ ਹੈ। ਅਭਿਆਸੀ ਨੂੰ ਆਪਣੀ ਮੰਜ਼ਿਲ ਤੇ ਪੁੱਜਣ ਲਈ ਸਖ਼ਤ ਘਾਲਣਾ, ਉਦਮ ਤੇ ਹਿੰਮਤ ਦੇ ਨਾਲ ਨਾਲ ਬੜੀਆਂ ਨਿਰਮਾਣ ਤੇ ਲਗਾਤਾਰ ਅਰਦਾਸਾਂ ਕਰਨੀਆਂ ਪੈਣਗੀਆਂ ਅਤੇ ਮਨ ਦੇ ਗਲਤ ਨਿਸ਼ਚਿਆਂ ਨਾਲ ਦਿਨ ਰਾਤ ਡਟ ਕੇ ਘੋਲ ਕਰਨਾ ਹੋਵੇਗਾ। ਹਾਂ ਇਹ ਜ਼ਰੂਰ ਹੈ ਕਿ ਜੇ ਇਹ ਘੋਲ ਪਰਮਾਤਮਾ ਦੀ ਓਟ ਆਸਰਾ ਲੈ ਕੇ ਕੀਤਾ ਜਾਵੇ ਤਾਂ ਸਫਲਤਾ ਬਹੁਤ ਆਸਾਨੀ ਨਾਲ ਪ੍ਰਾਪਤ ਹੋ ਸਕਦੀ ਹੈ।

ਧਰਮੀ ਆਦਮੀ ਦਾ ਪਰਮਾਤਮਾ ਨਾਲ ਕਦੇ ਕੋਈ ਰੋਸ ਨਹੀਂ ਹੁੰਦਾ ਪਰ ਆਪਣੇ ਆਪ ਨਾਲ ਬਹੁਤ ਸ਼ਿਕਾਇਤ ਹੁੰਦੀ ਹੈ, ਡੂੰਘਾ ਅਸੰਤੋਖ ਹੁੰਦਾ ਹੈ ਕਿ ਮੈਂ ਜਿਹੋ ਜਿਹਾ ਹਾਂ ਪਰਮਾਤਮਾ ਦੇ ਕਾਬਲ ਨਹੀਂ ਹਾਂ। ਮੈਂ ਅਜੇ ਕੁਝ ਵੀ ਨਹੀਂ ਹਾਂ। ਆਪਣੇ ਆਪ ਨੂੰ ਉਸ ਦੇ ਯੋਗ ਬਣਾਉਣਾ ਹੋਵੇਗਾ ਤਾਂ ਹੀ ਉਸ ਨਾਲ ਮਿਲਾਪ ਹੋ ਸਕੇਗਾ। ਜੋ ਆਪਣੀ ਖ਼ੁੱਸ਼ੀ ਗੁਰੂ ਦੀ ਖ਼ੁੱਸ਼ੀ ਲਈ ਕੁਰਬਾਨ ਨਹੀਂ ਕਰ ਸਕਦਾ, ਉਹ ਬਾਹਰੋਂ ਭਾਵੇਂ ਆਪਣੇ ਆਪ ਨੂੰ ਵੱਡਾ ਧਰਮੀ ਗੁਰਸਿੱਖ ਮੰਨਦਾ ਫਿਰੇ ਪਰ ਅਸਲੀਅਤ ਵਿਚ ਉਹ ਅਜੇ ਧਾਰਮਿਕ ਦੁਨੀਆਂ ਵਿਚ ਇਕ ਅਣਜਾਣ ਬੱਚੇ ਵਾਂਗ ਹੈ।

ਧਰਮ ਨੂੰ ਕੋਈ ਸੰਸਾਰ ਤੋਂ ਛੁਟੀ ਲੈ ਕੇ ਨਹੀਂ ਕਮਾ ਸਕਦਾ। ਇਹ ਕੋਈ ਧਰਮ ਨਹੀਂ ਕਿ ਸਵੇਰੇ ਇਕ ਘੰਟਾ ਭਗਤੀ ਕਰ ਲਈ ਤੇ ਬਾਕੀ ਤੇਈ ਘੰਟੇ ਆਪਣੀ ਮਨਮਰਜ਼ੀ ਨਾਲ ਅਧਰਮ ਕਰਦੇ ਰਹੀਏ। ਵੇਖਿਆ ਜਾਵੇ ਤਾਂ ਧਰਮ ਤਾਂ ਸਵਾਸਾਂ ਦੀ ਤਰ੍ਹਾਂ ਹੈ। ਜੇਕਰ ਇਹ ਚੌਵੀ ਘੰਟੇ, ਸਵਾਸ ਸਵਾਸ ਚਲ ਸਕੇ ਤੱਦ ਹੀ ਕੁਝ ਗੱਲ ਬਣੇਗੀ। ਇਸ ਨੂੰ ਟੁਕੜਿਆਂ ਵਿਚ ਨਹੀਂ ਕਮਾਇਆ ਜਾ ਸਕਦਾ। ਦੋ ਤਿੰਨ ਮਹੀਨੇ ਤਾਂ

ਕੀ, ਜੇਕਰ ਦੋ ਤਿੰਨ ਦਿਨ ਵੀ ਲਾਪਰਵਾਹੀ ਕੀਤੀ ਤਾਂ ਪਿਛਲੀ ਸਾਰੀ ਮਿਹਨਤ ਅਜਾਈਂ ਚਲੇ ਜਾਵੇਗੀ। ਗੱਲ ਕੀ ਕਿ ਸਾਡਾ ਜੀਵਨ ਢੰਗ ਇਸ ਪ੍ਰਕਾਰ ਦਾ ਹੋ ਜਾਵੇ ਕਿ ਅਸੀਂ ਜੋ ਵੀ ਕਰੀਏ, ਉਹ ਕਿਸੇ ਨਾ ਕਿਸੇ ਰੂਪ ਵਿਚ ਪਰਮਾਤਮਾ ਨਾਲ ਇਕਮਿਕ ਹੋ ਜਾਵੇ।

ਧਾਰਮਿਕ ਬੰਦਾ ਉਹ ਹੈ ਜਿਸ ਦੇ ਦਰਸ਼ਨ ਕੀਤਿਆਂ ਧਰਮ ਚੇਤੇ ਆਵੇ, ਗੁਰੂ ਚੇਤੇ ਆਵੇ। ਜਿਵੇਂ ਖਿੜੇ ਹੋਏ ਫੁਲ ਤੋਂ ਮਹਿਕ ਮੰਗਣੀ ਨਹੀਂ ਪੈਂਦੀ, ਆਪਣੇ ਆਪ ਮਿਲਦੀ ਹੈ, ਜਿਵੇਂ ਜਲਦੇ ਦੀਵੇ ਤੋਂ ਰੋਸ਼ਨੀ ਮੰਗਣੀ ਨਹੀਂ ਪੈਂਦੀ, ਆਪੇ ਮਿਲਦੀ ਹੈ ਤੇ ਜਿਵੇਂ ਪਹਾੜਾਂ ਵੱਲ ਚਲ ਪਈਏ ਤਾਂ ਠੰਡ ਆਪੇ ਹੀ ਮਿਲਣ ਲੱਗ ਜਾਂਦੀ ਹੈ, ਤਿਵੇਂ ਕਿਸੇ ਨੂੰ ਵੇਖ ਕੇ ਜੇਕਰ ਧਰਮ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਮਿਲੇ ਤਾਂ ਹੀ ਸਮਝਣਾ ਕਿ ਉਸ ਉਪਰ ਕੁਝ ਪਰਮਾਤਮਾ ਦੀ ਮਿਹਰ ਹੈ ਤੇ ਉਹ ਹੀ ਸੱਚਾ ਧਰਮੀ ਹੈ। ਧਰਮ ਕੋਈ ਉਧਾਰ ਦੀ ਚੀਜ਼ ਨਹੀਂ ਹੈ। ਦੂਸਰੇ ਰਸਾਂ ਵਾਂਗ ਇਸ ਦਾ ਰਸ ਵੀ ਜਦ ਭਗਤੀ ਕਰੀਏ ਤਾਂ ਉਸੇ ਵੇਲੇ ਆਉਣਾ ਚਾਹੀਦਾ ਹੈ। ਵੇਖੋ ਜੇ ਭੋਜਨ ਦੀ ਬੁਰਕੀ ਮੂੰਹ ਵਿਚ ਪਾਈਏ ਤਾਂ ਉਸੇ ਵੇਲੇ ਭੁੱਖ ਮਿਟਦੀ ਹੈ, ਜਾਂ ਪਾਣੀ ਪੀਏ ਤਾਂ ਉਸੇ ਵੇਲੇ ਪਿਆਸ ਬੁਝਦੀ ਹੈ। ਇਸੇ ਤਰ੍ਹਾਂ ਜੇ ਭਗਤੀ ਕਰੀਏ ਤਾਂ ਉਸ ਦਾ ਵੀ ਅਨੰਦ ਆਉਣਾ ਚਾਹੀਦਾ ਹੈ, ਪਰ ਜੇ ਨਹੀਂ ਆਇਆ ਤਾਂ ਸਮਝਣਾ ਕਿ ਅਜੇ ਭਗਤੀ ਪ੍ਰਵਾਨ ਨਹੀਂ ਹੋਈ। ਧਰਮ ਨੂੰ ਧੰਦਾ ਨਹੀਂ ਬਣਾਉਣਾ, ਸਗੋਂ ਧੰਦੇ ਨੂੰ ਹੀ ਧਰਮ ਬਣਾਉਣਾ ਹੈ। ਧਰਮੀ ਪਹਿਲਾਂ ਆਪ ਧਰਮੀ ਬਣੇ ਤੱਦ ਹੀ ਫਿਰ ਕਿਸੇ ਦੂਸਰੇ ਨੂੰ ਸਿੱਖਿਆ ਦੇਣ ਦਾ ਹੱਕਦਾਰ ਹੈ। ਧਰਮ ਤੋਂ ਦੁਨੀਆਂ ਦੀ ਨਫ਼ਰਤ ਦਾ ਸਭ ਤੋਂ ਵੱਡਾ ਕਾਰਨ, ਉਸਦੇ ਅਣਜਾਣ ਉਪਦੇਸ਼ਕ ਹਨ। ਧਰਮ ਨਿੱਜੀ ਹੈ, ਵਿਅਕਤੀਗਤ ਹੈ। ਧਰਮ ਦਾ ਭੀੜ ਨਾਲ ਕੋਈ ਸੰਬੰਧ ਨਹੀਂ। ਜਦ ਵੀ ਕੋਈ ਪਰਮਾਤਮਾ ਤੱਕ ਪੁੱਜਾ ਹੈ ਤਾਂ ਇਕੱਲਾ ਹੀ ਗਿਆ ਹੈ। ਜਰਾ ਸੋਚੋ ਤਾਂ ਅਸੀਂ ਕਰ ਕੀ ਸਕਦੇ ਹਾਂ ? ਸਾਡੇ ਕੀਤੇ ਤਾਂ ਕੁਝ ਵੀ ਨਹੀਂ ਹੁੰਦਾ। ਸਾਡਾ ਕੀਤਾ ਤਾਂ ਸਭ ਅਣਕੀਤਾ ਹੀ ਹੋ ਜਾਂਦਾ ਹੈ। ਅਸੀਂ ਜੋ ਵੀ ਕਰਦੇ ਹਾਂ ਉਸ ਤੋਂ ਤਾਂ ਜੋ ਨਹੀਂ ਵਾਪਰਨਾ ਚਾਹੀਦਾ ਸੀ, ਉਹੀ ਵਾਪਰਦਾ ਹੈ ਪਰ ਫਿਰ ਵੀ ਸਾਡੀ ਆਕੜ ਨਹੀਂ ਮਿਟਦੀ। ਇਹ ਧਰਮੀ ਆਦਮੀ ਦਾ ਕੰਮ ਨਹੀਂ।

ਸੱਚ ਦੇ ਖੋਜੀ ਨੂੰ ਇਹ ਜਾਣਕਾਰੀ ਉਪਰ ਕਿ ਉਸ ਦੇ ਅੰਦਰ ਅਣਗਿਣਤ ਖਜ਼ਾਨੇ ਦੱਬੇ ਪਏ ਹਨ, ਉਤੇ ਹੀ ਨਹੀਂ ਆਕੜ ਕੇ ਬੈਠ ਜਾਣਾ ਚਾਹੀਦਾ ਹੈ ਸਗੋਂ ਉਸ ਖਜ਼ਾਨੇ ਦੀ ਖੋਜ ਕਰਕੇ ਲੱਭਣਾ ਹੋਵੇਗਾ। ਕਿਤੇ ਐਸਾ ਨਾ ਹੋਵੇ ਕਿ ਖੋਜੀ ਖਜ਼ਾਨਾ ਮਿਲਣ ਤੋਂ ਪਹਿਲਾਂ ਹੀ ਅਮੀਰੀ ਦੇ ਝੂਠੇ ਸੁਪਨੇ ਲੈਣ ਲੱਗ ਜਾਵੇ।

ਗੁਰੂ ਦੇ ਸ਼ਬਦ ਤਾਂ ਰਸਤੇ ਵਿਚ ਲੱਗੇ ਮੀਲ ਪੱਥਰਾਂ ਵਾਂਗ ਹਨ। ਇਹ ਤਾਂ ਦੱਸ ਰਹੇ ਹਨ ਕਿ ਚਲੇ ਚਲੋ, ਮੰਜ਼ਿਲ ਅੱਗੇ ਹੈ। ਇਹ ਤਾਂ ਇਸ਼ਾਰੇ ਹਨ ਤੇ ਜਿਸ ਪਾਸੇ ਵੱਲ ਇਸ਼ਾਰਾ ਹੈ, ਉਧਰ ਯਾਤਰਾ ਕਰਨੀ ਹੋਵੇਗੀ। ਐਪਰ ਹੋ ਉਲਟ ਰਿਹਾ ਹੈ ਕਿਉਂਕਿ ਬਹੁਤ ਸਾਰੇ ਲੋਕ ਤਾਂ ਇਨ੍ਹਾਂ ਮੀਲ ਪੱਥਰਾਂ ਨੂੰ ਹੀ ਫੜ ਕੇ ਬੈਠ ਜਾਂਦੇ ਹਨ। ਜਦੋਂ ਮਨੁੱਖ ਆਪਣੇ ਸੰਸਾਰਿਕ ਜਿਮੇਵਾਰੀਆਂ ਨਿਭਾ ਲਵੇ ਤਾਂ ਉਸ ਨੂੰ ਘੱਟੋ ਘੱਟ ਹੁਣ ਤਾਂ ਆਪਣੇ ਪਰਿਵਾਰ, ਸੰਬੰਧੀਆਂ ਤੇ ਮਿੱਤਰਾਂ ਨਾਲੋਂ ਮੋਹ ਤੋੜ ਕੇ ਧਰਮ ਦੇ ਰਾਹ ਤੇ ਚੱਲ ਪੈਣਾ ਚਾਹੀਦਾ ਹੈ। ਜੇਕਰ ਇਹ ਸਮਾਂ ਵੀ ਹੱਥੋਂ ਨਿਕਲ ਗਿਆ ਤਾਂ ਉਸ ਨੂੰ ਆਪਣੇ ਅੰਤ ਸਮੇਂ ਪਛੋਤਾਣਾ ਪਵੇਗਾ।

ਜੋ ਸਾਨੂੰ ਨਹੀਂ ਆਉਂਦਾ, ਉਸ ਬਾਰੇ ਦੂਸਰਿਆਂ ਪਾਸੋਂ ਸਿਖਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਹੋਣੀ ਚਾਹੀਦੀ ਕਿਉਂਕਿ ਜੋ ਸਿਖਣ ਵੇਲੇ ਦੇ ਥੋੜ੍ਹੇ ਜਿਹੇ ਛੋਟੇਪਨ ਦੇ ਸਦਕਾ, ਸਾਨੂੰ ਅਕਲਮੰਦੀ ਦੀ ਬੇਸ਼ੁਮਾਰ ਇੱਜ਼ਤ ਮਿਲ ਸਕਦੀ ਹੈ। ਧਰਮੀ ਬੰਦਾ ਹੀ ਐਸਾ ਕਰ ਸਕਦਾ ਹੈ।

ਧਰਮੀ ਬੰਦਾ ਸਦਾ ਸਾਵਧਾਨ ਰਹਿੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਬੈਠਿਆਂ ਉਸਦਾ ਮਨ ਵੀ ਹਜ਼ੂਰੀ ਵਿਚ ਰਹਿਣਾ ਚਾਹੀਦਾ ਹੈ। ਹਜ਼ੂਰੀ ਵਿਚ ਬੈਠੇ ਗੁਰੂ ਦਾ ਭਉ ਤੇ ਸਤਿਕਾਰ ਜ਼ਰੂਰ ਰਹਿਣਾ ਚਾਹੀਦਾ ਹੈ ਕਿ ਸਾਡਾ ਮਨ ਕਿਤੇ ਬੇਅਦਬੀ ਨਾ ਕਰ ਬੈਠੇ ਤੇ ਮਨ ਅੰਦਰ ਕੋਈ ਭੈੜੀ ਸੋਚਣੀ ਨਾ ਆ ਜਾਵੇ।

**ਸਦਾ ਯਾਦ ਰਖੋ** : ਦੁੱਖ ਵੇਲੇ ਅਰਦਾਸ, ਸੁੱਖ ਵੇਲੇ ਧੰਨਵਾਦ, ਹਰ ਸਮੇਂ ਜਾਪ (ਸਿਮਰਨ)।

-0-0-0-

---


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

# ਮਹੀਨਾ ਵਾਰੀ ਗੁਰਮਤਿ ਸਮਾਗਮ

## ਦੂਜਾ ਸ਼ਨੀਵਾਰ 14 ਮਈ 2022 ਨੂੰ

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਤ੍ਰਿਸ਼ਨਾ-ਕੀ ਤੇ ਕਿਵੇਂ ਮਿਟੇ ?

-ਬਲਿਹਾਰ ਸਿੰਘ, ਮੋ : ੯੯੮੮੧-੨੦੪੪੪

**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥---- ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥** (ਅੰਗ-੪੭੦)

ਇਸ ਸ਼ਬਦ ਰਾਹੀਂ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਜੀਵਾਂ ਨੂੰ ਸਮਝਾਉਂਣਾ ਕਰਦੇ ਹਨ ਕਿ ਜਿਵੇਂ 'ਮੇਰੂ' ਮਾਲਾ ਦਾ ਸ਼੍ਰੋਮਣੀ ਮਣਕਾ ਹੁੰਦਾ ਹੈ ਤਿਵੇਂ ਸਗਲ ਜੀਵ ਜੰਤੂਆਂ ਵਿੱਚ ਮਨੁੱਖ ਸਰੀਰ ਨੂੰ ਮੇਰੂ ਵਰਗੀ ਵਡਿਆਈ ਪ੍ਰਾਪਤ ਹੈ, ਭਾਵ ਮਨੁੱਖ ਸ਼੍ਰੋਮਣੀ ਜੀਵ ਹੈ। ਹਰ ਜੁਗ ਵਿੱਚ ਆਤਮਾ ਸਰੀਰ ਧਾਰਨ ਕਰਕੇ ਵੱਖ ਵੱਖ ਸ਼੍ਰੋਮਣੀ ਭਾਵਾਂ ਦੇ ਅਧੀਨ ਸੰਸਾਰ ਵਿੱਚ ਵਿਚਰਦੀ ਹੈ। ਇਨ੍ਹਾਂ ਭਾਵਾਂ ਨੂੰ ਗੁਰੂ ਸਾਹਿਬ ਨੇ ਰੱਥ ਅਤੇ ਰਥਵਾਨ ਦਾ ਅਲੰਕਾਰ ਦੇ ਕੇ ਸਾਨੂੰ ਸਮਝਾਉਣ ਦਾ ਯਤਨ ਕੀਤਾ ਹੈ। ਮਨੁੱਖੀ ਸਰੀਰ ਰੂਪੀ ਰੱਥ ਹੈ ਜਿਸ ਦਾ ਰਥਵਾਨ ਧਰਮ ਹੈ। ਜਿਸ ਤੇ ਸਵਾਰ ਜੀਵ ਕਿਸੇ ਨਾ ਕਿਸੇ ਸੰਕਲਪ ਜਾਂ ਤ੍ਰਿਸ਼ਨਾ ਦੇ ਅਧੀਨ ਸੰਸਾਰ ਵਿੱਚ ਵਿਚਰਦਾ ਹੈ ਜਿਸ ਕਾਰਨ ਉਸ ਦਾ ਆਵਾਗਵਨ ਦਾ ਚੱਕਰ ਚਲਦਾ ਰਹਿੰਦਾ ਹੈ। ਕੋਈ ਵਿਰਲਾ ਗਿਆਨੀ ਸੂਝਵਾਨ ਮਨੁੱਖ ਇਸ ਭੇਦ ਨੂੰ ਸਮਝ ਪਾਉਂਦਾ ਹੈ ਕਿ ਜੀਵ ਨੂੰ ਜਨਮ ਮਰਨ ਦੇ ਚੱਕਰ ਨਾਲ ਬੰਨ੍ਹ ਕੇ ਰੱਖਣ ਵਾਲਾ ਮੂਲ ਕਾਰਨ ਉਸ ਦੀ ਇੱਛਾ-ਤ੍ਰਿਸ਼ਨਾ ਹੈ।

ਗੁਰੂ ਸਾਹਿਬ ਦੱਸਦੇ ਹਨ ਕਿ ਸਤਿਯੁਗ ਵਿੱਚ ਸੰਤੋਖ ਦਾ ਰੱਥ ਸੀ ਅਰਥਾਤ ਉਸ ਸਮੇਂ ਲੋਕਾਂ ਵਿੱਚ ਸੰਤੋਖ ਦਾ ਭਾਵ ਪ੍ਰਬਲ ਸੀ। ਰਥਵਾਨ ਧਰਮ ਸੀ ਭਾਵ ਉਹ ਧਰਮ ਤੋਂ ਦਿਸ਼ਾ ਲੈ ਕੇ ਸਾਰੇ ਕਾਰਜ ਕਰਦੇ ਸਨ। ਉਹ ਇਸ ਲੋਕ ਦੀਆਂ ਸਹੂਲਤਾਂ ਦੀ ਬਜਾਇ ਆਪਣੇ ਪ੍ਰਲੋਕ ਨੂੰ ਸਵਾਰਨ ਵੱਲ ਵਧੇਰੇ ਧਿਆਨ ਦਿੰਦੇ ਸਨ। ਹੁਣ ਇਸ ਕਲਯੁਗ ਵਿੱਚ ਰੱਥ 'ਅਗਨੀ' ਭਾਵ ਤ੍ਰਿਸ਼ਨਾ ਦਾ ਹੈ ਅਤੇ ਇਸ ਦਾ ਰੱਥਵਾਨ 'ਝੂਠ' ਹੈ। ਕਲਯੁਗ ਵਿੱਚ ਇਛਾਵਾਂ-ਤ੍ਰਿਸ਼ਨਾਵਾਂ ਦੀ ਅਗਨੀ ਪ੍ਰਚੰਡ ਹੋ ਗਈ, ਵਿਸ਼ੇ ਵਿਕਾਰਾਂ ਦਾ ਜ਼ੋਰ ਵੱਧ ਗਿਆ। ਲੋਕਾਂ ਨੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਝੂਠ ਅਤੇ ਫਰੇਬ ਦੀ ਖੁੱਲ੍ਹੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ।

ਸ਼ੇਖ ਫਰੀਦ ਜੀ ਨੇ ਤ੍ਰਿਸ਼ਨਾਵਾਂ ਦੇ ਦੁੱਖ ਤੋਂ ਘਬਰਾ ਕੇ ਇਹ ਸਮਝਿਆ ਕਿ ਸ਼ਾਇਦ ਇਹ ਦੁੱਖ ਕੇਵਲ ਉਨ੍ਹਾਂ ਨੂੰ ਹੀ ਲੱਗਾ ਹੋਇਆ ਹੈ, ਪ੍ਰੰਤੂ ਜਦੋਂ ਉਨ੍ਹਾਂ ਨੇ ਆਪਣੀ ਸੁਰਤਿ ਉਚੇਰੀ ਕਰਕੇ ਚਾਰੋਂ ਪਾਸੇ ਨਿਗਾਹ ਮਾਰੀ ਤਾਂ ਕੀ ਦੇਖਦੇ ਹਨ ਕਿ ਤ੍ਰਿਸ਼ਨਾਵਾਂ ਦੀ ਅੱਗ ਹਰੇਕ ਘਰ (ਸਰੀਰ) ਵਿੱਚ ਲੱਗੀ ਹੋਈ ਹੈ ਅਤੇ ਸਾਰਾ ਜਗਤ ਹੀ ਇਸ ਦੀ ਲਪੇਟ ਵਿੱਚ ਹੈ:

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥** (ਅੰਗ-੧੩੮੨)

ਗੁਰੂ ਨਾਨਕ ਦੇਵ ਜੀ ਨੇ ਜਦੋਂ ਦੂਰ ਦ੍ਰਿਸ਼ਟੀ ਨਾਲ ਚਾਰੇ ਪਾਸੇ ਤਕਿਆ ਤਾਂ ਉਨ੍ਹਾਂ ਨੂੰ

ਵੀ ਸਾਰਾ ਸੰਸਾਰ ਤ੍ਰਿਸ਼ਨਾ, ਹਉਮੈ, ਈਰਖਾ ਦੀ ਅੱਗ ਵਿੱਚ ਜੱਲਦਾ ਦਿਖਾਈ ਦਿੱਤਾ। ਉਨ੍ਹਾਂ ਅਨੁਭਵ ਕੀਤਾ ਕਿ ਸੱਚੇ ਗੁਰੂ ਤੋਂ ਬਿਨ੍ਹਾਂ ਸੰਸਾਰ ਵਿੱਚ ਘੁੱਪ ਹਨੇਰਾ ਪਸਰਿਆ ਹੋਇਆ ਹੈ ਅਤੇ ਸਾਰੀ ਲੋਕਾਈ ਹਾਏ ਹਾਏ ਕਰ ਰਹੀ ਹੈ :

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੋਕਾਈ। (ਵਾਰ-੧, ਪਉੜੀ ੨੪)

ਤ੍ਰਿਸ਼ਨਾ ਦੀ ਅਗਨੀ ਵਿੱਚ ਜਲਦੇ ਹੋਏ ਜਗਤ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਕੋਮਲ ਹਿਰਦਾ ਪਿਘਲ ਗਿਆ ਅਤੇ ਉਨ੍ਹਾਂ ਪ੍ਰਮਾਤਮਾ ਅੱਗੇ ਜਲ ਰਹੇ ਜਗਤ ਦੀ ਅੱਗ ਨੂੰ ਬਝਾਉਣ ਲਈ ਅਰਦਾਸ ਕਰਦੇ ਹੋਏ ਕਿਹਾ ਕਿ ਹੇ ਅਕਾਲ ਪੁਰਖ ! ਜਿਵੇਂ ਕਿਵੇਂ ਵੀ ਹੋ ਸਕੇ ਜਗਤ ਦੇ ਜੀਵਾਂ ਦੀ ਰੱਖਿਆ ਕਰੋ ਅਤੇ ਉਨ੍ਹਾਂ ਦਾ ਉਧਾਰ ਕਰੋ।

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥** (ਅੰਗ-੮੫੩)

**ਤ੍ਰਿਸ਼ਨਾ ਕੀ ਤੇ ਕਿਉਂ** : ਤ੍ਰਿਸ਼ਨਾ, ਬਿਨ੍ਹਾਂ ਲਗਾਮ ਤੋਂ ਘੋੜਾ ਹੈ ਜਿਹੜਾ ਅੱਗੇ ਹੀ ਅੱਗੇ ਦੌੜਦਾ ਜਾਂਦਾ ਹੈ, ਕਾਬੂ ਵਿੱਚ ਨਹੀਂ ਆਉਂਦਾ। ਬਿਨ੍ਹਾਂ ਲਗਾਮ ਤੋਂ ਘੋੜੇ ਨੂੰ ਕੇਵਲ ਇੱਕ ਮਾਹਰ ਹੀ ਕਾਬੂ ਕਰ ਸਕਦਾ ਹੈ ਜਿਸ ਨੂੰ ਘੋੜੇ ਦੀ ਮਨੋ ਬਿਰਤੀ ਦਾ ਗਿਆਨ ਹੋਵੇ। ਤ੍ਰਿਸ਼ਨਾ ਵੀ ਘੋੜੇ ਦੀ ਨਿਆਈ ਅੱਗੇ ਹੀ ਅੱਗੇ ਵਧਦੀ ਜਾਂਦੀ ਹੈ, ਰੁਕਣ ਦਾ ਨਾਮ ਹੀ ਨਹੀਂ ਲੈਂਦੀ। ਇਸ ਤ੍ਰਿਸ਼ਨਾ ਰੂਪ ਘੋੜੇ ਨੂੰ ਲਗਾਮ ਸੰਤੋਖ ਦੀ ਪਾਈ ਜਾਵੇ ਤਾਂ ਇਹ ਕਾਬੂ ਆਉਂਦਾ ਹੈ। ਸੰਤੋਖ, ਨਾਮ ਸਿਮਰਨ ਤੋਂ ਉਤਪੰਨ ਹੁੰਦਾ ਹੈ ਅਤੇ ਨਾਮ ਦਾ ਦਾਤਾ ਹੈ ਸੱਚਾ ਗੁਰੂ। ਸੱਚਾ ਗੁਰੂ ਮਨੁੱਖ ਦੇ ਹਿਰਦੇ ਵਿੱਚ ਨਾਮ ਦ੍ਰਿੜ ਕਰਵਾ ਦਿੰਦਾ ਹੈ। ਜਿਸ ਨਾਲ ਉਦ ਦੇ ਅੰਦਰੋਂ ਬੜੀ ਡਰਾਉਣੀ ਮਾਇਆ ਦੀ ਭੁੱਖ ਮਿੱਟ ਜਾਂਦੀ ਹੈ। ਤ੍ਰਿਸ਼ਨਾ ਦੀ ਅੱਗ ਬੁਝ ਜਾਣ ਨਾਲ ਮਨੁੱਖ ਦਾ ਮਨ ਸ਼ਾਂਤ ਹੋ ਜਾਂਦਾ ਹੈ :

**ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥ ਮਿਟਿ ਗਈ ਭੂਖ ਮਹਾ ਬਿਕਰਾਲ ॥੨॥**
**ਠਾਕੁਰਿ ਅਪੁਨੈ ਕੀਨੀ ਦਾਤਿ ॥ ਜਲਨਿ ਬੁਝੀ ਮਨਿ ਹੋਈ ਸਾਂਤਿ॥**(ਅੰਗ-੩੮੯)

ਗੁਰਬਾਣੀ ਵਿੱਚ ਤ੍ਰਿਸ਼ਨਾ ਨੂੰ ਇੱਕ ਵੱਡਾ ਰੋਗ ਦੱਸਿਆ ਗਿਆ ਹੈ। ਤ੍ਰਿਸ਼ਨਾਲੂ ਬੰਦਾ ਤਾਂ ਮੌਤ ਨੂੰ ਵੀ ਮਨ ਤੋਂ ਵਿਸਾਰ ਦਿੰਦਾ ਹੈ। ਧਾਰਮਿਕ ਗ੍ਰੰਥਾਂ ਵਿੱਚ ਨਾਮ ਨੂੰ ਉੱਤਮ ਦੱਸਿਆ ਗਿਆ ਹੈ ਪਰੰਤੂ ਉਹ ਇਸ ਉਪਦੇਸ਼ ਨੂੰ ਸੁਣਦਾ ਹੀ ਨਹੀਂ ਅਤੇ ਭੂਤਨਿਆਂ ਵਾਂਗ ਭਟਕਦਾ ਫਿਰਦਾ ਹੈ:

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**
**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

ਇਹ ਤ੍ਰਿਸ਼ਨਾ ਦਾ ਰੋਗ ਸਾਰੇ ਜਗਤ ਨੂੰ ਵਿਆਪ ਰਿਹਾ ਹੈ। ਕੀ ਜਵਾਨ ਤੇ ਕੀ ਬੁੱਢਾ, ਤ੍ਰਿਸ਼ਨਾ ਦੀ ਭੁੱਖ ਕਿਸੇ ਦੀ ਵੀ ਦੂਰ ਨਹੀਂ ਹੁੰਦੀ।

**ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ॥** (ਅੰਗ-੬੫੦)

ਰਸਾਂ ਕਸਾਂ ਤੇ ਸੁਆਦਾਂ ਦੀ ਭੁੱਖ ਜਿਤਨੀ ਵੀ ਮਨੁੱਖ ਨੂੰ ਲੱਗਦੀ ਹੈ ਉਤਨੀ ਹੀ ਵਧੀਕ

ਤ੍ਰਿਸ਼ਨਾ ਮੁੜ ਮੁੜ ਮਨੁੱਖ ਨੂੰ ਚੰਬੜਦੀ ਹੈ ਅਤੇ ਮਾਇਕ ਰਸਾਂ ਵਲੋਂ ਮਨੁੱਖ ਨੂੰ ਕਦੇ ਰੱਜ ਹੀ ਨਹੀਂ ਆਉਂਦਾ।

**ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥** (ਅੰਗ-੧੬੭)

## ਤ੍ਰਿਸ਼ਨਾ ਦੇ ਤਿੰਨ ਮੁੱਖ ਸੋਮੇ ਮੰਨੇ ਗਏ ਹਨ :

**ਲੋਭ** : ਲੋੜ ਤੋਂ ਵਧਿਆ ਹੋਇਆ ਲੋਭ ਤ੍ਰਿਸ਼ਨਾ ਨੂੰ ਜਨਮ ਦਿੰਦਾ ਹੈ। ਐਸੇ ਮਨੁੱਖ ਦੀ ਧਨ ਅਤੇ ਪਦਾਰਥਾਂ ਦੀ ਭੁੱਖ ਵਧਦੀ ਹੀ ਜਾਂਦੀ ਹੈ ਕਦੀ ਮਿਟਦੀ ਹੀ ਨਹੀਂ।

ਤ੍ਰਿਸ਼ਨਾਲੂ ਬੰਦਾ ਕਦੀ ਵੀ ਉਹ ਧਨ/ਪਦਾਰਥ ਨਹੀਂ ਵੇਖਦਾ ਜੋ ਉਸ ਦੇ ਕੋਲ ਹੈ ਪਰੰਤੂ ਉਸ ਨੂੰ ਵੇਖਦਾ ਹੈ ਜਿਹੜਾ ਉਸ ਦੇ ਕੋਲ ਨਹੀਂ ਅਤੇ ਉਸ ਨੂੰ ਪ੍ਰਾਪਤ ਕਰਨ ਦੀ, ਨਾ ਕੇਵਲ ਇੱਛਾ ਰੱਖਦਾ ਹੈ, ਬਲਕਿ ਹਰ ਕੋਸ਼ਿਸ਼ ਵੀ ਕਰਦਾ ਹੈ। ਇਹੀ ਹਾਲ ਮਾਇਆ ਤੇ ਜਾਇਦਾਦ ਸਬੰਧੀ ਹੈ। ਮਾਇਆ ਦੇ ਲਾਲਚ ਵਲੋਂ ਮਨੁੱਖ ਆਪਣੇ ਮਨ ਨੂੰ ਹੋੜਦਾ ਨਹੀਂ ਸਗੋਂ ਹੋਰ ਜਿਆਦਾ ਧੰਨ ਪਦਾਰਥ ਇੱਕਠਾ ਕਰਨ ਲਈ ਤ੍ਰਿਸ਼ਨਾ ਦੀ ਅੱਗਨੀ ਵਿੱਚ ਸੜਦਾ ਰਹਿੰਦਾ ਹੈ ਅਤੇ ਖਪ-ਖਪ ਕੇ ਮਰਦਾ ਹੈ। ਮਾਇਆ ਦੇ ਭੈੜੇ ਪ੍ਰਭਾਵ ਕਾਰਨ ਮਨੁੱਖ ਗੁਣਾਂ ਦੇ ਖਜਾਨੇ ਪ੍ਰਮਾਤਮਾ ਦੀ ਸਿਫਤ ਸਲਾਹ ਨਹੀਂ ਕਰਦਾ ਸਗੋਂ ਮਨੁੱਖ ਦਾ ਮਨ ਵਿਸ਼ਿਆਂ ਦੀ ਅੱਗ ਵਿੱਚ ਸੜਦਾ, ਭਟਕਦਾ ਰਹਿੰਦਾ ਹੈ, ਕਦੀ ਟਿਕਾਓ ਵਿੱਚ ਨਹੀਂ ਆਉਂਦਾ।

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥** (ਅੰਗ-੨੧੩)

**ਹਉਮੈ/ਅਹੰਕਾਰ** : ਅਹੰਕਾਰੀ ਮਨੁੱਖ ਹੋਰ ਜ਼ਿਆਦਾ ਸੱਤਾ/ਤਾਕਤ ਦੀ ਮੰਗ ਰੱਖਦਾ ਹੈ। ਅੱਜ ਪਿੰਡ ਦਾ ਸਰਪੰਚ ਹੈ ਤਾਂ ਅੱਗੋਂ ਐਮ.ਐਲ.ਏ. ਬਣਨ ਦੀ ਪ੍ਰਬਲ ਇੱਛਾ ਰੱਖਦਾ ਹੈ। ਐਮ.ਐਲ.ਏ. ਬਣ ਗਿਆ ਤਾਂ ਮੰਤਰੀ ਬਣ ਜਾਣ ਦੀ ਮੰਗ ਪੈਦਾ ਹੋ ਜਾਂਦੀ ਹੈ। ਜੇਕਰ ਮੰਤਰੀ ਵੀ ਬਣ ਗਿਆ ਤਾਂ ਮੁੱਖ ਮੰਤਰੀ ਦੀ ਕੁਰਸੀ ਤੇ ਨਜ਼ਰ ਚਲੀ ਜਾਂਦੀ ਹੈ। ਗੱਲ ਕੀ, ਅਹੰਕਾਰੀ ਮਨੁੱਖ ਦੇ ਅੰਦਰ ਤ੍ਰਿਸ਼ਨਾ ਦਾ ਦਰਿਆ ਅੱਗੇ ਹੀ ਅੱਗੇ ਵਹਿੰਦਾ ਜਾਂਦਾ ਹੈ, ਰੁਕਣ ਦਾ ਨਾਂ ਹੀ ਨਹੀਂ ਲੈਂਦਾ।

**ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥** (ਅੰਗ-੧੦੯੧)

**ਕਾਮ (ਰੂਪ)** : ਮਨੁੱਖ ਦੀ ਕਾਮ ਬਿਰਤੀ ਆਪਣੀ ਇਸਤਰੀ ਨਾਲ ਪੂਰੀ ਨਹੀਂ ਹੁੰਦੀ, ਉਹ ਪਰਾਈ ਇਸਤਰੀ-ਸੰਗ ਦਾ ਭੈੜਾ ਪਾਪ ਕਰਮ ਕਰਦਾ ਹੈ। ਕਾਮੀ ਅੰਦਰ ਹਰ ਸਮੇਂ ਜਿਆਦਾ ਰੂਪ ਦੀ ਮੰਗ ਰਹਿੰਦੀ ਹੈ। ਕਾਮ ਵਾਸ਼ਨਾ ਵਿੱਚ ਅੰਨ੍ਹੇ ਹੋਏ ਨੂੰ ਸ਼ੁੱਭ-ਅਸ਼ੁੱਭ ਕਰਮ ਦੀ ਸਮਝ ਹੀ ਨਹੀਂ ਰਹਿੰਦੀ।

**ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥**
**ਬੁਰਾ ਭਲਾ ਨਹੀ ਸੁਝੀ ਹੇ ॥੨॥** (ਅੰਗ-੨੧੩)

**ਮਨੁੱਖ ਦੇ ਗਿਆਨ ਇੰਦ੍ਰੇ** : ਅੱਖਾਂ, ਕੰਨ, ਰਸਨਾ, ਨਾਸਕਾ ਅਤੇ ਤਵੱਚਾ (ਸਪੱਰਸ਼)- ਮਨੁੱਖ ਨੂੰ ਬਾਹਰਲਾ ਗਿਆਨ ਤਾਂ ਪ੍ਰਦਾਨ ਕਰਦੇ ਹਨ ਪਰੰਤੂ ਮਨੁੱਖ ਦੇ ਮਨ ਵਿੱਚ ਤ੍ਰਿਸ਼ਨਾ ਪੈਦਾ ਕਰਨ ਵਿੱਚ ਵੀ ਇਨ੍ਹਾਂ ਦਾ ਵੱਡਾ ਯੋਗਦਾਨ ਹੈ। ਅੱਖਾਂ ਰੂਪ ਅਤੇ ਕਈ ਪ੍ਰਕਾਰ ਦੇ ਰੰਗ ਤਮਾਸ਼ੇ ਦੇਖ ਕੇ ਵੀ ਨਹੀਂ ਰਜਦੀਆਂ। ਸਤਿ-ਸੰਗਤਿ, ਉਸਤਤਿ ਨਿੰਦਾ, ਹਸਣਾ ਤੇ ਰੋਣਾ, ਸੁਣ ਕੇ ਵੀ ਕੰਨ ਨਹੀਂ ਰਜਦੇ। ਰਸਨਾ ਛੱਤੀ ਪ੍ਰਕਾਰ ਦੇ ਭੋਜਨ ਤੇ ਹੋਰ ਰਸ ਚੱਖ ਚੱਖ ਕੇ ਵੀ ਨਹੀਂ ਰਜਦੀ। ਨਕ ਦੁਰਗੰਧ ਅਤੇ ਸੁਗੰਧ ਦੀ ਵਾਸ਼ਨਾ ਲੈ ਕੇ ਵੀ ਨਹੀਂ ਰਜਦੇ। ਇਨ੍ਹਾਂ ਸਭ ਦੀ ਹਮੇਸ਼ਾ ਹੋਰ ਜਿਆਦਾ ਦੀ ਹੀ ਮੰਗ ਰਹਿੰਦੀ ਹੈ :

ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ । ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ । ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ।
(ਭਾਈ ਗੁਰਦਾਸ ਜੀ ਵਾਰ ੨੭/੯)

ਤ੍ਰਿਸ਼ਨਾ ਮਨੁੱਖ ਦੇ ਅੰਦਰ ਕਈ ਤਰੀਕਿਆਂ ਨਾਲ ਚੱਲਦੀ ਹੈ, ਪਰ ਇਹ ਕਿਸੇ ਤਰ੍ਹਾਂ ਵੀ ਪੂਰੀ ਨਹੀਂ ਹੁੰਦੀ। ਇਸ ਦੇ ਕਾਰਨ ਮਨੁੱਖ ਦੇ ਮਨ ਵਿੱਚ ਕਦੇ ਸੁਖ-ਸ਼ਾਂਤੀ ਅਤੇ ਅਨੰਦ ਪੈਦਾ ਨਹੀਂ ਹੁੰਦਾ। ਇਹ ਕਾਮ ਤੇ ਕ੍ਰੋਧ ਨਾਲ ਮਨੁੱਖ ਨੂੰ ਸਾੜ ਕੇ ਰੱਖ ਦਿੰਦੀ ਦਿੰਦੀ ਹੈ ਭਾਵੇਂ ਕੋਈ ਆਪਣਾ ਹੋਵੇ ਜਾਂ ਪਰਾਇਆ, ਕਿਸੇ ਦਾ ਲਿਹਾਜ਼ ਨਹੀਂ ਕਰਦੀ। ਤ੍ਰਿਸ਼ਨਾ ਕਾਰਨ ਮਨੁੱਖ ਸੰਸਾਰ-ਸਾਗਰ ਦੇ ਦੁੱਖਾਂ ਵਿੱਚ ਫਸਿਆ ਰਹਿੰਦਾ ਹੈ।

**ਤ੍ਰਿਸਨਾ ਚਲਤ ਬਹੁ ਪਰਕਾਰਿ ॥**
**ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥੧॥** (ਅੰਗ-੧੨੨੫)

ਸਾਰਾ ਸੰਸਾਰ ਹੀ ਤ੍ਰਿਸ਼ਨਾ ਦੀ ਅੱਗ ਵਿੱਚ ਸੜ ਰਿਹਾ ਹੈ। ਲੋਭ, ਅਹੰਕਾਰ ਅਤੇ ਕਾਮ ਜੀਵਾਂ ਨੂੰ ਵਿਆਪ ਰਿਹਾ ਹੈ। ਤ੍ਰਿਸ਼ਨਾ ਕਾਰਨ ਲੋਕ ਆਪਣੀ ਇੱਜਤ ਗੰਵਾ ਰਹੇ ਹਨ ਅਤੇ ਉਨ੍ਹਾਂ ਦਾ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ ਜਿਸ ਕਾਰਨ ਉਹ ਜਨਮ ਮਰਨ ਦੇ ਗੇੜ ਵਿੱਚ ਪਏ ਰਹਿੰਦ ਹਨ :

**ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥**
**ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ॥**(ਅੰਗ-੧੨੦)

ਜਪੁਜੀ ਸਾਹਿਬ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਤ੍ਰਿਸ਼ਨਾਲੂ ਦੀ ਮਨੋ ਬਿਰਤੀ ਦਰਸਾਉਂਦੇ ਹੋਏ ਲਿਖਦੇ ਹਨ ਕਿ ਅਗਰ ਸਾਰੀਆਂ ਪੁਰੀਆਂ ਦੇ ਸੰਪੂਰਨ ਧਨ ਪਦਾਰਥ ਇਕੱਠੇ ਕਰਕੇ ਉਸ ਨੂੰ ਸੌਂਪ ਦਿੱਤੇ ਜਾਣ ਤਾਂ ਵੀ ਉਸ ਦੀ ਤ੍ਰਿਸ਼ਨਾ ਨਹੀਂ ਮੁਕਦੀ :

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥** (ਅੰਗ-੧)

ਪੰਚਮ-ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗੁ ਗਉੜੀ ਗੁਆਰੇਰੀ ਅੰਦਰ ਫਰਮਾਉਂਦੇ ਹਨ ਕਿ ਮੈਂ ਬਹੁਤ ਰੰਗਾਂ ਵਾਲੀ ਮਾਇਆ ਸੰਸਾਰ ਨੂੰ ਕਈ ਤਰੀਕਿਆਂ ਨਾਲ ਮੋਂਹਦੀ ਵੇਖੀ ਹੈ। ਕਾਗਜ਼ ਕਲਮ ਲੈ ਕੇ ਕਈਆਂ ਨੇ ਅਨੇਕ ਵਿਦਿਵਤਾ ਭਰੇ ਲੇਖ ਲਿਖੇ ਹਨ,

ਮਾਇਆ ਉਨ੍ਹਾਂ ਨੂੰ ਵਿਦਿਵਤਾ ਦੇ ਰੂਪ ਵਿੱਚ ਪੋਂਹਦੀ ਹੈ। ਕਈਆਂ ਨੇ ਚੌਧਰੀ, ਸੁਲਤਾਨ ਖਾਨ ਬਣਕੇ ਦੇਖ ਲਿਆ ਹੈ, ਇਨ੍ਹਾਂ ਨਾਲ ਵੀ ਮਨ ਤ੍ਰਿਪਤ ਨਹੀਂ ਹੋ ਸਕਿਆ। ਹਾਥੀਆਂ ਤੇ ਹਵਾ ਵਰਗੇ ਤੇਜ਼ ਘੋੜਿਆਂ ਦੀ ਸਵਾਰੀ, ਅੱਤਰ ਤੇ ਚੰਦਨ ਦੀ ਵਰਤੋਂ, ਸੁੰਦਰ ਇਸਤਰੀ ਦੀ ਸੇਜ, ਨੱਟਾਂ ਦੇ ਨਾਟਕ ਤੇ ਤਮਾਸ਼ੇ ਅਤੇ ਗੀਤ, ਇਨ੍ਹਾਂ ਕਿਸੇ ਤੋਂ ਵੀ ਮਨ ਦੀ ਸ਼ਾਂਤੀ ਨਹੀਂ ਮਿਲੀ। ਰਾਜ ਦਰਬਾਰ ਦੀ ਸ਼ੋਭਾ, ਤਖ਼ਤ, ਦੁਲੀਚੇ, ਫਲ ਤੇ ਮੇਵੇ, ਸੁੰਦਰ ਫੁੱਲ ਵਾੜੀਆਂ, ਸ਼ਿਕਾਰ ਖੇਡਣ ਅਤੇ ਹੋਰ ਰਾਜਿਆਂ ਦੀਆਂ ਖੇਡਾਂ ਨਾਲ ਵੀ ਮਨ ਸੁੱਖੀ ਨਹੀਂ ਹੁੰਦਾ। ਇਹ ਸਾਰੇ ਯਤਨ ਛੱਲ ਹੀ ਸਾਬਤ ਹੁੰਦੇ ਹਨ :

**ਗਉੜੀ ਗੁਆਰੇਰੀ ਮਹਲਾ ੫ ॥ ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥ ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ ਰਹਾਉ ॥ ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥** (ਅੰਗ-੧੭੯)

ਵੱਡੇ ਲੋਕਾਂ ਦੀ ਤ੍ਰਿਸ਼ਨਾ ਵਾਲੀ ਮਨੋਵਿਰਤੀ ਨੂੰ ਦਰਸਾਉਂਦੇ ਹੋਏ ਪੰਚਮ ਪਾਤਸ਼ਾਹ ਰਾਗੁ ਧਨਾਸਰੀ ਅੰਦਰ ਕਹਿੰਦੇ ਹਨ ਕਿ ਸੰਸਾਰ ਵਿੱਚ ਵੱਡੇ ਵੱਡੇ ਬਾਦਸ਼ਾਹ ਅਤੇ ਜਿੰਮੀਦਾਰ ਹਨ, ਉਨ੍ਹਾਂ ਦੀ ਹੋਰ ਹੋਰ ਦੀ ਤ੍ਰਿਸ਼ਨਾ ਕਦੇ ਨਹੀਂ ਮੁਕਦੀ। ਉਹ ਮਾਇਆ ਦੀਆਂ ਮੌਜਾ ਵਿੱਚ ਮਸਤ ਰਹਿੰਦੇ ਹਨ, ਮੌਜ਼-ਮੇਲਿਆਂ ਨਾਲ ਚੰਬੜੇ ਰਹਿੰਦੇ ਹਨ, ਹੋਰ ਕੁਝ ਉਨ੍ਹਾਂ ਨੂੰ ਅੱਖੀ ਦਿੱਸਦਾ ਹੀ ਨਹੀਂ। ਵਿਸ਼ੇ-ਵਿਕਾਰਾ ਵਿੱਚ ਕਿਸੇ ਮਨੁੱਖ ਨੇ ਰੱਜ ਪ੍ਰਾਪਤ ਨਹੀਂ ਕੀਤਾ, ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ, ਨਾਮ ਤੋਂ ਬਿਨ੍ਹਾਂ ਮਨੁੱਖ ਕਦੇ ਰੱਜ ਹੀ ਨਹੀਂ ਸਕਦਾ।

**ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥ ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥੧॥ ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥** (ਅੰਗ-੬੭੨)

ਪ੍ਰਮਾਤਮਾ ਨੇ ਆਪ ਹੀ ਜਗਤ ਪੈਦਾ ਕਰਕੇ ਆਪ ਹੀ ਇਸ ਨੂੰ ਤ੍ਰਿਸ਼ਨਾ ਦੇ ਜਾਲ ਵਿੱਚ ਫਸਾਇਆ ਹੋਇਆ ਹੈ। ਮਾਇਆ ਦੇ ਮੋਹ ਦੀ ਠੱਗ ਬੂਟੀ ਖੁਆ ਕੇ ਪ੍ਰਮਾਤਮਾ ਨੇ ਸੰਸਾਰ ਨੂੰ ਆਪਣੀ ਯਾਦ ਤੋਂ ਖੁੰਝਾ ਦਿੱਤਾ ਹੈ। ਜਗਤ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਬਲ ਰਹੀ ਹੈ। ਇਸ ਲਈ ਮਨੁੱਖ ਮਾਇਕ ਪਦਾਰਥਾਂ ਦੀ ਪਿਆਸ ਤੇ ਭੁੱਖ ਦਾ ਮਾਰਿਆ ਹੋਇਆ ਰੱਜਦਾ ਹੀ ਨਹੀਂ ਹੈ। ਇਸ ਪ੍ਰਕਾਰ ਸਾਰਾ ਜਗਤ ਸਹਸੇ ਵਿੱਚ ਗ੍ਰਸਿਆ ਹੋਇਆ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ :

**ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥** (ਅੰਗ-੧੩੯)

**ਤ੍ਰਿਸ਼ਨਾ ਕਿਵੇਂ ਬੁਝੇ :**

**ਸਤਿਗੁਰੂ ਦੀ ਸ਼ਰਨ ਅਤੇ ਨਾਮ ਸਿਮਰਨ :**

੧) ਪ੍ਰਮਾਤਮਾ ਦਾ ਨਾਮ ਸਿਮਰਨ ਤ੍ਰਿਸ਼ਨਾ ਦੀ ਅੱਗ ਨੂੰ ਬੁਝਾਉਣ ਦਾ ਮੁੱਖ ਸਾਧਨ ਹੈ। ਪ੍ਰਮਾਤਮਾ ਦੇ ਸੱਚੇ ਨਾਮ ਤੋਂ ਬਿਨ੍ਹਾਂ ਕਿਸੇ ਦੀ ਤ੍ਰਿਸ਼ਨਾ ਨਹੀਂ ਮਿਟਦੀ। ਨਾਮ ਦੇ ਰਾਹੀਂ ਮਨੁੱਖ ਦੇ ਮਨ ਅੰਦਰ ਤ੍ਰਿਪਤੀ, ਸੰਤੋਖ ਆ ਜਾਂਦਾ ਹੈ ਅਤੇ ਉਸ ਦੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ।

**ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥** (ਅੰਗ-੧੨੮੭)

**ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥** (ਅੰਗ-੬੪੭)

੨) ਜਿਨ੍ਹਾਂ ਮਨੁੱਖਾਂ ਨੇ ਪਿਆਰੇ ਗੁਰੂ ਦਾ ਪੱਲਾ ਫੜ੍ਹ ਲਿਆ ਹੈ, ਗੁਰੂ ਉਨ੍ਹਾਂ ਦੇ ਹਿਰਦੇ ਵਿੱਚ ਪ੍ਰਮਾਤਮਾ ਦਾ ਨਾਮ ਪੱਕਾ ਕਰਵਾ ਦਿੰਦਾ ਹੈ। ਨਾਮ ਸਿਮਰਨ ਨਾਲ ਮਨੁੱਖ ਦੀ ਮਾਇਆ ਵਾਲੀ ਭੁੱਖ ਦੂਰ ਹੋ ਜਾਂਦੀ ਹੈ।

**ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥**
**ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥** (ਅੰਗ-੪੫੧)

੩) ਪ੍ਰਮਾਤਮਾ ਦੇ ਨਾਮ ਵਿੱਚ ਜੁੜਿਆ ਅਤੇ ਗੁਰਬਾਣੀ ਦਾ ਆਸਰਾ ਲਿਆ ਮਨੁੱਖ ਦੇ ਮਨ ਵਿੱਚ ਦੈਵੀ ਗੁਣ ਸੰਤੋਖ ਪੈਦਾ ਹੋ ਜਾਂਦਾ ਹੈ ਅਤੇ ਸੁਰਤਿ ਪ੍ਰਮਾਤਮਾ ਦੇ ਚਰਨਾਂ ਵਿੱਚ ਜੁੜ ਜਾਂਦੀ ਹੈ ਜਿਸ ਦਾ ਸਦਕਾ ਤ੍ਰਿਸ਼ਨਾ ਦੀ ਅਗਨੀ ਬੁਝ ਜਾਂਦੀ ਹੈ। ਬਾਹਰ ਦੀ ਅੱਗ ਪਾਣੀ ਨਾਲ ਬੁਝਦੀ ਹੈ ਪਰੰਤੂ ਅੰਦਰ ਦੀ ਅੱਗ (ਤ੍ਰਿਸ਼ਨਾ) ਨਾਮ ਬਾਣੀ ਨਾਲ ਹੀ ਬੁਝਦੀ ਹੈ।

**ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥**
**ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥** (ਅੰਗ-੬੮੨)

੪) ਸੱਚੇ ਗੁਰੂ ਦੇ ਦਰਸ਼ਨ ਦੀਦਾਰ ਦੀ ਬਰਕਤ ਨਾਲ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ। ਗੁਰੂ ਦੇ ਮਿਲਾਪ ਨਾਲ ਮਨੁੱਖ ਦੇ ਮਨ ਵਿਚੋਂ ਹਉਮੈਂ ਅਤੇ ਅਨੇਕ ਹੋਰ ਵਿਕਾਰ ਖਤਮ ਹੋ ਜਾਂਦੇ ਹਨ ਜਿਹੜੇ ਤ੍ਰਿਸ਼ਨਾ ਨੂੰ ਜਨਮ ਦਿੰਦੇ ਹਨ। ਗੁਰੂ ਦੀ ਸ਼ਰਨ ਪੈ ਕੇ ਜਦੋਂ ਮਨੁੱਖ ਆਤਮਿਕ ਜੀਵਨ ਜਿਉਣ ਵਾਲੀ ਗੁਰਬਾਣੀ ਦਾ ਸਹਾਰਾ ਲੈਂਦਾ ਹੈ ਤਾਂ ਉਸ ਦਾ ਮਨ ਮਾਇਆ ਵਲੋਂ ਡੋਲਣੋਂ ਹੱਟ ਜਾਂਦਾ ਹੈ :

**ਸਤਿਗੁਰ ਦਰਸਨਿ ਅਗਨਿ ਨਿਵਾਰੀ ॥ ਸਤਿਗੁਰ ਭੇਟਤ ਹਉਮੈ ਮਾਰੀ ॥**
**ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥** (ਅੰਗ-੧੯੩)

ਸੋ ਤ੍ਰਿਸ਼ਨਾ ਦੇ ਬੁਝ ਜਾਣ ਨਾਲ ਜੀਵ ਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

**ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ----**
**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥**(ਅੰਗ-੧੧੯੬)

-੦-੦-੦-

# ਖਬਰਾਵਲੀ :

**ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਟਲੀ 'ਚ ਸਜਾਏ ਜਾਣਗੇ ਨਗਰ ਕੀਰਤਨ :** ਵੈਨਿਸ (ਇਟਲੀ)-੨੯ ਮਾਰਚ : ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਟਲੀ 'ਚ ਸਜਾਏ ਜਾਣ ਵਾਲੇ ਨਗਰ ਕੀਰਤਨਾਂ ਦੀ ਲੜੀ ਤਹਿਤ ਵੈਨੇਤੋ ਸੂਬੇ ਦੇ ਵਿਚੈਂਸਾ ਸ਼ਹਿਰ ਵਿਖੇ ਵਿਸ਼ਾਲ ਨਗਰ ਕੀਰਤਨ ੯ ਅਪ੍ਰੈਲ ਨੂੰ ਸਜਾਇਆ ਜਾਵੇਗਾ ਦਿਸ਼ਾ। ਇਹ ਜਾਣਕਾਰੀ ਦਿੰਦਿਆ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਰਾਮਦਾਸ ਨਿਵਾਸ ਕਿਆਂਪੋ ਨੇ ਦੱਸਿਆ ਕਿ ਵਿਸਾਖੀ ਸੰਬੰਧੀ ਵਿਚੈਂਸਾ ਵਿਖੇ ਸਜਾਏ ਜਾਣ ਵਾਲੇ ਇਸ ਪੰਜਵੇਂ ਮਹਾਨ ਨਗਰ ਕੀਰਤਨ ਦੀ ਆਰੰਭਤਾ ਹਮੇਸ਼ਾ ਵਾਂਗ ਐਰੋ ਸਪਿਨ ਮਾਰਕੀਟ ਦੇ ਕੋਲੋਂ ਠੀਕ ੧੨:੩੦ ਵਜੇ ਹੋਵੇਗੀ ਅਤੇ ਸਮਾਪਤੀ ਸਟੇਸ਼ਨ ਦੇ ਨੇੜੇ ਹੋਵੇਗੀ। ਇਸ ਮੌਕੇ ਵਿਸ਼ੇਸ਼ ਦੀਵਾਨ ਵੀ ਸਜਾਏ ਜਾਣਗੇ।

**ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਦਿਵਸ ਨੂੰ ਹਰ ਸਾਲ 'ਗੁਰਮੁਖੀ ਦਿਵਸ' ਵਜੋਂ ਮਨਾਇਆ ਜਾਵੇਗਾ :** ੩੦ ਮਾਰਚ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਏ ਸਾਲਾਨਾ ਬਜਟ ਇਜਲਾਸ ਦੌਰਾਨ ਪ੍ਰਧਾਨ ਸ.ਧਾਮੀ ਵਲੋਂ ਪੇਸ਼ ਕੀਤੇ ੧੩ ਵੱਖ-ਵੱਖ ਅਹਿਮ ਮਤਿਆਂ ਨੂੰ ਹਾਊਸ ਵਲੋਂ ਪ੍ਰਵਾਨਗੀ ਦਿੱਤੀ ਗਈ। ਜਿਨ੍ਹਾਂ ਚ ਹਰ ਸਾਲ ਗੁਰਮੁਖੀ ਲਿੱਪੀ ਦੇ ਪ੍ਰਚਾਰ ਪ੍ਰਸਾਰ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਦਿਵਸ ਨੂੰ 'ਗੁਰਮੁਖੀ ਦਿਵਸ' ਵਜੋਂ ਮਨਾਉਣ ਸਮੇਤ ਹੋਰ ਅਤੇ ਸ਼ਾਮਿਲ ਸਨ।

**ਅਮਰੀਕੀ ਕਾਂਗਰਸ 'ਚ ਵਿਸਾਖੀ ਮੌਕੇ ੧੪ ਅਪ੍ਰੈਲ? ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਦਾ ਮਤਾ ਪੇਸ਼ :** ਸੈਕਰਾਮੈਂਟੋ/ਵਾਸ਼ਿੰਗਟਨ, ੩੧ ਮਾਰਚ : ਭਾਰਤੀ ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਸਮੇਤ ਇਕ ਦਰਜਨ ਤੋਂ ਵੱਧ ਸੰਸਦ ਮੈਂਬਰਾਂ ਨੇ ਹਰ ਸਾਲ ਵਿਸਾਖੀ ਮੌਕੇ ੧੪ ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਦਾ ਮਤਾ ਅਮਰੀਕੀ ਪ੍ਰਤੀਨਿਧੀ ਸਭਾ 'ਚ ਪੇਸ਼ ਕੀਤਾ ਹੈ। ਇਹ ਦੇਖਦੇ ਹੋਏ ਕਿ ਸਿੱਖ ਭਾਈਚਾਰਾ, ਜਿਸ ਨੇ ਅੱਜ ਤੋਂ ੧੦੦ ਸਾਲ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ 'ਚ ਪ੍ਰਵਾਸ ਸ਼ੁਰੂ ਕੀਤਾ ਸੀ, ਨੇ ਅਮਰੀਕਾ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਮਤਾ ਸੰਯੁਕਤ ਰਾਸ਼ਟਰ ਦੇ ਲੋਕਾਂ ਨੂੰ ਮਜਬੂਤ ਅਤੇ ਪ੍ਰੇਰਿਤ ਕਰਨ 'ਚ ਸਿੱਖ ਭਾਈਚਾਰੇ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਦਾ ਸਨਮਾਨ ਕਰਨ ਅਤੇ ਰਾਸ਼ਟਰੀ ਸਿੱਖ ਦਿਵਸ ਮਨਾਉਣ ਦੇ ਰੁਤਬੇ ਦਾ ਸਮਰਥਨ ਕਰਦਾ ਹੈ। ਇਸ ਮਤੇ ਦਾ ਸਿੱਖ ਕਾਕਸ ਕਮੇਟੀ, ਸਿੱਖ ਸਹਿ-ਤਾਲਮੇਲ ਕਮੇਟੀ ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਵਾਗਤ ਕੀਤਾ ਗਿਆ ਹੈ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

# ਸੰਸਥਾ ਦੇ ਕਾਰਜਾਂ ਲਈ ਮਾਰਚ-੨੦੨੨ ਵਿੱਚ ਆਈ ਸਹਾਇਤਾ

**ਜਰਨਲ :** ਸ.ਰਣਜੋਧ ਸਿੰਘ ੨੧੦੦/-, ਸ.ਜਸਵੰਤ ਸਿੰਘ ੨੦੦੦/-, ਬੀਬੀ.ਦਲਜੀਤ ਕੌਰ ੧੦੦/-, ਸ.ਰਜਿੰਦਰ ਸਿੰਘ ੧੦੦/-, ਸ੍ਰੀ.ਪੀ.ਐਲ.ਗਰਗ ੧੦੦/-, ਸ.ਸੁਰਿੰਦਰ ਸਿੰਘ ੨੦੦/-, ਸ.ਪਰਮਜੀਤ ਸਿੰਘ ੧੦੦੦/-, ਸ.ਕਰਨੈਲ ਸਿੰਘ ੧੦੦੦/-, ਸ.ਸਵਰਨ ਸਿੰਘ ੧੦੦੦/-, ਗੁਪਤ ੧੫੦੦੦/-, ਸ.ਪਰਮਜੀਤ ਸਿੰਘ ੧੦੦੦/-, ਗੁਪਤ ੧੭੪੫/-, ਗੁਪਤ ੧੦੦੦੦/-, ਬੀਬੀ ਸੁਖਿੰਦਰ ਕੌਰ ੫੦੦/-, ਗੁਪਤ ੨੦੦/-, ਸ੍ਰੀ.ਏ.ਐਸ.ਗਿੱਲ ੨੦੦੦/-, ਗੁਪਤ ੨੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਮਨਿੰਦਰ ਸਿੰਘ ੫੦੦/-, ਸ.ਸੁਰਜੀਤ ਸਿੰਘ ੨੫੦੦/-, ਬੀਬੀ ਕੁਲਵੰਤ ਕੌਰ ੧੧੦੦੦/-, ਗੁਪਤ ੧੦੦/-, ਬੀਬੀ ਜਸਭਿੰਦਰ ਕੌਰ ੬੦੦੦/-, ਸ.ਹਰੀ ਸਿੰਘ ੩੦੦੦/-, ਸ.ਜਸਪਾਲ ਸਿੰਘ ੫੦੦/-, ਸ.ਪਰਮਜੀਤ ਸਿੰਘ ੫੦੦/-, ਸ.ਸਵਰਨਜੀਤ ਸਿੰਘ ੫੦੦/-, ਸ.ਤੇਜ ਸਿੰਘ ੩੦੦੦/-, ਸ.ਗੁਰਬਚਨ ਸਿੰਘ ੧੦੦੦/-, ਸ.ਗੁਲਜਾਰ ਸਿੰਘ ੧੦੦੦/-, ਬੀਬੀ ਕਵਲਜੀਤ ਕੌਰ ੨੪੦੦/-, ਸ.ਹਰਕੀਰਤ ਸਿੰਘ ੩੧੦੦/-, ਬੀਬੀ ਗੁਰਮੀਤ ਕੌਰ ੧੦੦੦/-, ਸ.ਅਜੀਤ ਸਿੰਘ ੫੦੦/-, ਸ.ਹਰਿੰਦਰ ਸਿੰਘ ੫੦੦/-, ਸ.ਗੁਰਚਰਨ ਸਿੰਘ ੧੦੦/-, ਬੀਬੀ ਐਸ.ਕੇ.ਸੰਧੂ ੨੦੦੦੦/-, ਸ.ਸੁਖਬੰਸ ਸਿੰਘ ੫੦੦/-, **ਆਨ ਲਾਇਨ** : ੧੦੧+੧੦੦+ ੫੦੦+੧੦੦ +੫੦੦+ ੫੦੦+੪੦+੧੦੦+੬੫੦+੧੦੦੦੦+੧੦੦੦+੫੦੦+੫੦੧+੫੦੦+ ੫੦੦+੧੦੦੦੦+ਸ.ਏਕਜੋਤ ਸਿੰਘ ੧੦੦੦, ਬੀਬੀ ਪਰਵੀਨ ਕੌਰ ੫੦੦/-, **ਹੋਲਾ ਮੱਹਲਾ-ਅਨੰਦਪੁਰ ਸਾਹਿਬ (ਸਟਾਲ)** : ਸ.ਬਲਦੇਵ ਸਿੰਘ ੭੦੦/-, ਸ.ਮੇਜਰ ਸਿੰਘ ੫੦/-, ਸ.ਬਲਵੀਰ ਸਿੰਘ ੧੦੦੦/-, ਸ.ਮੁਖਤਿਆਰ ਸਿੰਘ ੫੦/-, ਸ.ਜਗਤ ਸਿੰਘ ੧੦੦/-, ਸ.ਰੇਸਮ ਸਿੰਘ ੧੦੦/-, ਸ.ਗੁਰਦੇਵ ਸਿੰਘ ੧੦੦/-, ਸ.ਜਸਵਿੰਦਰ ਸਿੰਘ ੧੦੦/-, ਸ.ਮੁਖਤਿਆਰ ਸਿੰਘ ੧੦੦/-, ਸ.ਦੋਲਤ ਸਿੰਘ ੧੦੦/-, **ਅਕਾਲ ਆਸ਼ਰਮ-ਸੋਹਣਾ (ਸਟਾਲ)** : ਸ.ਸੋਬਲਮੀਤ ਸਿੰਘ ੫੦/-, ਸ.ਮਨਿੰਦਰਜੀਤ ਸਿੰਘ ੨੦੦/-, ਸ.ਰਜਿੰਦਰ ਸਿੰਘ ੧੦੦/-, ਬੀਬੀ ਬਲਦੇਵ ਕੌਰ ੧੦੦/-, ਮਾ.ਲਾਭ ਸਿੰਘ ੫੦੦/-, ਸ.ਮਨਜੀਤ ਸਿੰਘ ੫੦੦/-, ਸ.ਗਿਆਨ ਸਿੰਘ ੨੦੦/-, **ਸ.ਸ਼ਮਸੇਰ ਸਿੰਘ ਨਰਾਇਣਗੜ੍ਹ (ਅੰਬਾਲਾ) ਰਾਹੀਂ** : ਸ.ਲਾਲ ਸਿੰਘ ੧੦੦/-, ਸ.ਗੁਰਦੀਪ ਸਿੰਘ ੫੦/-, ਸ.ਸਤਨਾਮ ਸਿੰਘ ੧੦੦/-, ਸ.ਬਲਵਿੰਦਰ ਸਿੰਘ ੨੦੦/-, ਸ.ਅਵਤਾਰ ਸਿੰਘ ੧੦੦/-, ਸ.ਸਮਸ਼ੇਰ ਸਿੰਘ ੨੦੦/-, **ਸ਼ੇਰ ਸਿੰਘ ਫੇਜ-੬ ਰਾਹੀਂ :** ਗੁਪਤ ੧੦੦/-, ਸ.ਮਨਜਿੰਦਰ ਸਿੰਘ ੨੦੦/-, ਸ.ਰਛਪਾਲ ਸਿੰਘ ੨੦੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ :** ਸ.ਗੁਰਮੀਤ ਸਿੰਘ ੫੦੦/-, ਸ.ਸਰਨਜੀਤ ਸਿੰਘ ੧੬੦੦/-, ਸ.ਗੁਰਸ਼ਰਨ ਸਿੰਘ ੫੦੦/-, ਸ.ਰੁਪਿੰਦਰ ਸਿੰਘ ੧੦੦/-, ਸ੍ਰੀ.ਐਸ.ਐਸ.ਰੱਖੜਾ ੧੦੦/-, ਸ.ਨਵਨੀਤ ਸਿੰਘ ੫੦੦/-, **ਸ.ਗੁਰਪ੍ਰਮੀਤ ਸਿੰਘ ਸੈਕਟਰ ੩੫ ਰਾਹੀਂ** : ਸ.ਪ੍ਰਿਥੀਪਾਲ ਸਿੰਘ ੫੦੦/-, ਸ.ਓਂਕਾਰ ਸਿੰਘ ੫੦੦/-, ਬੀਬੀ ਗੁਰਬਚਨ ਸਿੰਘ ੫੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਸ.ਗੁਰਬਚਨ ਸਿੰਘ ੨੦੦/-, ਸ.ਸਰਨਜੀਤ ਸਿੰਘ ੧੦੦/-, ਗੁਪਤ ੧੦੦/-, ਸ.ਰਜਿੰਦਰ ਸਿੰਘ ੧੦੦/-, ਸ.ਦਮਨਪ੍ਰੀਤ ਸਿੰਘ ੧੦੦੦/-, ਗੁਪਤ ੫੦੦/-, **ਸ.ਪਰਮਜੀਤ ਸਿੰਘ ਸੈਕਟਰ ੩੮ ਰਾਹੀਂ** : ਸ੍ਰੀ.ਐਮ.ਐਸ.ਅਰੌੜਾ ੨੦੦/-, ਸ.ਜਗਤੇਸ਼ਵਰ ਸਿੰਘ ੫੦੦/-, **ਸ.ਰਘਬੀਰ ਸਿੰਘ ਸੈਕਟਰ ੪੧ ਰਾਹੀਂ** : ਸ.ਲਵਪ੍ਰੀਤ ਸਿੰਘ ੫੦/-, ਸ੍ਰੀ.ਟੀ.ਐਸ.ਸੈਣੀ ੨੦੦/-, ਬੀਬੀ ਸੁਰਿੰਦਰ ਕੌਰ ੫੦੦/-, ਸ.ਲਵਪ੍ਰੀਤ ਸਿੰਘ ੫੦/-, ਸ.ਸੋਹਨ ਸਿੰਘ ੧੦੦/-, ਬੀਬੀ ਰਾਜਵਿੰਦਰ ਕੌਰ ੫੦੦/-, ਸ.ਐਮ.ਪੀ.ਸਿੰਘ ੧੦੦/-, ਸ.ਜੀ.ਐਮ.ਐਸ. ਜੋਗੀ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਸਾਧੂ ਸਿੰਘ ੨੦੦/-, ਬੀ.ਕੁਲਜੀਤ ਕੌਰ ੨੫੦/-, **ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : ਦਿਲਾਵਰ ਸਿੰਘ ੧੦੦/-, ਸ.ਰਤਨ ਸਿੰਘ ੨੦੦/-, ਸ੍ਰੀ.ਕਸਤੂਰੀ ਲਾਲ ੫੦੦/-, ਡਾ.ਸਵਿੰਦਰ ਸਿੰਘ ੨੦੦/-, ਸ.ਮਨਦੀਪ ਸਿੰਘ ੧੦੦/-, ਸ.ਹਰਸ਼ਮੀਤ ਸਿੰਘ ੧੦੦/-, ਸ.ਬਲਿਹਾਰ ਸਿੰਘ ੫੦੦/-, **ਸ.ਰਵਿੰਦਰਪਾਲ ਸਿੰਘ ਸੈਕਟਰ ੪੫ (ਫਰਵਰੀ) ਰਾਹੀਂ** : ਸ.ਜਗਜੀਤ ਸਿੰਘ ੨੦/-, ਸ.ਕਰਮਜੀਤ ਸਿੰਘ ੧੦੦/-, ਬੀਬੀ ਗੁਰਚਰਨ ਕੌਰ ੨੦੦/-, **ਸ.ਰਵਿੰਦਰਪਾਲ ਸਿੰਘ ਸੈਕਟਰ ੪੫ ਰਾਹੀਂ** : ਸ.ਜਗਜੀਤ ਸਿੰਘ ੩੦/-, ਸ.ਕਰਮਜੀਤ ਸਿੰਘ ੧੦੦/-, ਮਕਾਨ ਨੰ. ੨੧੨੯-੧੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ :** ਸ਼ਰਮਾ ਪਰਿਵਾਰ ੧੦੦/-, ਸ.ਅਵਤਾਰ ਸਿੰਘ ੧੦੦/-, ਗੁਲਾਟੀ ਪਰਿਵਾਰ ੧੦੦/-, ਸ.ਪ੍ਰਕਾਸ਼ ਸਿੰਘ ੧੦੦/-, ਬੀਬੀ ਦਲਜੀਤ ਕੌਰ ੫੦/-, ਸ.ਹਰਜਿੰਦਰ ਸਿੰਘ ੫੫੦/-, **ਸ.ਮਿਤ ਸਿੰਘ ਸੈਕਟਰ ੪੭ ਰਾਹੀਂ** : ਰਸੀਦ ਨੰ. ੧੨੬੪੫-੧੨੬੬੭=੩੨੦੧/-, **ਸ.ਜਗਤਾਰ ਸਿੰਘ ਰਾਹੀਂ :** ਅਮਰੀਕ ਸਿੰਘ ੫੦/-, ਸ.ਸਿੰਗਾਰਾ ਸਿੰਘ

੧੦੦/-, ਸ.ਖਜਾਨ ਸਿੰਘ ੫੦੦/-, ਜਸਵੰਤ ਸਿੰਘ ੨੦੦/-, ਸ.ਨਗੀਨਾ ਸਿੰਘ ੫੦/-, ਸ.ਅਲਬੇਲ ਸਿੰਘ ੨੦੦/-, ਸੇਠੀ ਪਰਿਵਾਰ ੧੦੦/-, ਗੁਪਤ ੧੦੦/-, ਸ.ਹਰੀ ਸਿੰਘ ੨੦੦/-, ਸ.ਜਸਵੰਤ ਸਿੰਘ ੫੦/-, ਸ.ਦਲਵੀਰ ਸਿੰਘ ੫੦੦/-, ਬੀਬੀ ਮਨਿੰਦਰ ਕੌਰ ੫੦/-, ਸ.ਅਮਰੀਕ ਸਿੰਘ ੧੦੦/-, ਬੀਬੀ ਗਿਆਨ ਕੌਰ ੫੦/-, ਜਨਤਾ ਫਲੋਰ ਮਿਲਜ ੫੦/-, ਸ.ਜਗਜੀਤ ਕੈਮਿਸਟ ੧੦੦/-, ਸ.ਭੁਪਿੰਦਰ ਸਿੰਘ ੧੦੦/-, ਬੀਬੀ ਮਨਜੀਤ ਕੌਰ ੧੦੦/-, ਸ.ਗੁਰਦੀਪ ਸਿੰਘ ੫੦/-, ਬੀਬੀ ਬਲਵੰਤ ਕੌਰ ੫੦/-, ਸ.ਮੁਖਤਿਆਰ ਸਿੰਘ ੪੦/-, ਸ.ਸਤਵੀਰ ਸਿੰਘ ੫੦੦/-, ਬੀਬੀ ਪਰਵੀਨ ਕੌਰ ੫੦/-, ਸ.ਤੇਜਪਾਲ ਸਿੰਘ ੧੦੦/-, ਸ.ਗੁਰਦਿਆਲ ਸਿੰਘ ੧੦੦/-, ਸ.ਅੰਮ੍ਰਿਤ ਸਿੰਘ ੨੦੦/-, ਗੁਪਤ ੧੦੦/-, ਬੀਬੀ ਜਸਵੰਤ ਕੌਰ ੧੦੦/-, ਸ.ਸੁਖਵੀਰ ਸਿੰਘ ੫੦੦/-, ਗੁਪਤ ੧੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਬੀਬੀ ਮਨਪ੍ਰੀਤ ਕੌਰ ੧੦੦/-, ਸ.ਅਰਜਨ ਸਿੰਘ ੧੦੦੦/-, ਗੁਪਤ ੧੦੦/-, ਬੀ.ਪੀ.ਐਸ. ੨੦੦/-, ਸ.ਕਲਿਆਨ ਸਿੰਘ ੨੦੦/-, ਬੀਬੀ ਗੁਰਮਨਜੀਤ ਕੌਰ ੧੦੦/- , ਸ.ਸਰਦੂਲ ਸਿੰਘ ੧੦੦/-, ਸ.ਗੁਰਚਰਨ ਸਿੰਘ ੫੦/-, ਬਾਵਾ ਪ੍ਰੋਪਟੀਜ਼ ੧੦੦/-, ਸ.ਦਿਦਾਰ ਸਿੰਘ ੧੦੦/-, ਬੀਬੀ ਜਸਵੰਤ ਕੌਰ ੫੦੦/-, ਸ.ਐਸ.ਐਸ.ਮਾਨ ੫੦/-, ਬੀਬੀ ਹਰਬੰਸ ਕੌਰ ੫੦੦/-, ਗੁਪਤ ੧੦+੫੦/-, ਸ.ਸੁਰਜੀਤ ਸਿੰਘ ੫੦੦/-, ਸਡਾਨਾ ਜਨਰਲ ਸਟੋਰ ੫੦੦/-, ਗੁਪਤ ੫੦/-, **ਸ.ਮਨਜੀਤ ਸਿੰਘ ਰਾਹੀਂ :** ਚੋਹਾਨ ਜਿਊਲਰਜ਼ ੧੦੦/-, ਮਿਲਨ ਸੋਪ ੫੦/-, ਸ.ਤਰਲੋਚਨ ਸਿੰਘ ੨੦੦/-, ਸ.ਨਛਤਰ ਸਿੰਘ ੧੦੦/-, ਬੀ.ਰਤਨ ਕੌਰ ੫੦੦/-, ਬੀ.ਬਲਦੇਵ ਕੌਰ ੧੦੦/-, ਸ.ਕੁਲਦੀਪ ਸਿੰਘ ੨੦/-, ਦੁਆਬਾ ਫੈਸ਼ਨ ੫੦/-, ਸ.ਹਰਬੰਸ ਸਿੰਘ ੫੦/-, ਸ.ਜੋਗਿੰਦਰ ਸਿੰਘ ੫੦/-, ਅਯੂਮੈਨ ਪਬਲਿਕ ਸਕੂਲ ੨੦/-, ਸ.ਗੁਰਦੀਪ ਸਿੰਘ ੫੦/-, ਸ.ਸੁਰਜੰਤ ਸਿੰਘ ੧੦੦/-, ਸ.ਸੁਰਿੰਦਰ ਸਿੰਘ ੫੦/-, ਸ.ਅਜੀਤ ਸਿੰਘ ੫੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗਿਆਨ ਕੌਰ ੧੦੦/-, ਸ.ਹਰਭਜਨ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਜੇਮ ਪਬਲਿਕ ਸਕੂਲ ੩੦੦/-, ਸ.ਅਜੀਤ ਸਿੰਘ ੫੦/-, ਬੀਬੀ ਕੈਲਾਸ਼ ਕੌਰ ੧੦੦/-, ਸ.ਸੰਤੋਖ ਸਿੰਘ ੨੦੦/-, ਬੀਬੀ ਦਲਜੀਤ ਕੌਰ ੨੦੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਇੰਦਰਜੀਤ ਸਿੰਘ ੨੦੦/-, ਸ.ਮਾਨ ਸਿੰਘ ੧੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਸੁਖਵਿੰਦਰ ਸਿੰਘ ੧੦੦/-, ਸ.ਜੋਗਿੰਦਰ ਸਿੰਘ ੫੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਜੀ.ਕੇ.ਸਟੇਸ਼ਨਰੀ ੨੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਅਕਾਲ ਉਪਟੀਕਲ ੧੦੦/-, ਲਵਲੀ ਇਲੈਕਟ੍ਰੀਕਲ ੨੦/-, ਬੀਬੀ ਤ੍ਰਿਪਤ ਕੌਰ ੩੦੦/-, ਗੁਪਤ ੩੦੦/-, ਬੀਬੀ ਰਜਮਨਦੀਪ ਕੌਰ ੧੦੦/-, ਬੀ.ਇਕਬਾਲ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਬੀਬੀ ਜਗਦੀਸ ਕੌਰ ੧੦੦/-, ਸ.ਸਮਸ਼ੇਰ ਸਿੰਘ ੧੦੦/-, ਡਾ.ਸਰੂਪ ਜੋਨੀ ੨੦੦/-, ਬੀਬੀ ਦਲਜੀਤ ਕੌਰ ੨੫੦੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਤਾਰਾ ਸਿੰਘ ੧੦੦/-, ਸ.ਕਰਨੈਲ ਸਿੰਘ ੧੦੦/-, ਸ.ਪਰਮਜੀਤ ਸਿੰਘ ੧੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਕਰਨ ਸਿੰਘ ੫੦/-,ਸ.ਮਨਮੋਹਨ ਸਿੰਘ ੫੦੦/-, ਸ.ਹਰਭਜਨ ਸਿੰਘ ੨੦੦/-, ਸ.ਅਮਰਜੀਤ ਸਿੰਘ ੧੦੦/-, ਸ.ਦਵਿੰਦਰ ਸਿੰਘ ੧੦੦/-, ਸ.ਜਤਿੰਦਰ ਸਿੰਘ ੨੦੦/-, ਮਜੈਸਟਿਕ ਪ੍ਰਿੰਟਿਗ ਪ੍ਰੈਸ ੧੦੦੦/-, ਗੁਪਤ ੧੦੦+੧੦੦/-, ਨਾਰੰਗ ਜੀ ੨੦/-, ਸ.ਬਲਪ੍ਰੀਤ ਸਿੰਘ ੨੦੦/-, ਸ.ਜਤਿੰਦਰ ਸਿੰਘ ੫੦੦/-, ਡਾ.ਅਤਰ ਸਿੰਘ ੫੦੦/-, ਸ.ਅਮਰੀਕ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦/-, ਸ.ਰਵਿੰਦਰ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੨੦੦/-, ਸ.ਹਰਿੰਦਰ ਸਿੰਘ ੨੦੦/-, ਸ.ਸੁਰਜੀਤ ਸਿੰਘ ੧੦੦੦/-, ਸ.ਪ੍ਰਿਤਪਾਲ ਸਿੰਘ ੨੦/-, ਸ.ਮਹਿੰਦਰ ਸਿੰਘ ੫੦/-, ਬੀਬੀ ਕਰਮਜੋਤ ਕੌਰ ੫੦/-, ਸ.ਦਰਸ਼ਨ ਸਿੰਘ ੫੦/-, ਬੀਬੀ ਸੁਰਜੀਤ ਕੌਰ ੧੦੦/-, ਸ.ਮੋਹਨ ਸਿੰਘ ੫੦/-, ਬੀਬੀ ਬਲਵਿੰਦਰ ਕੌਰ ੫੦/-, ਸ.ਅਨਮੋਲ ਸਿੰਘ ੨੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਹਾਕਮ ਸਿੰਘ ੨੦੦/-, ਸ.ਜਾਗੀਰ ਸਿੰਘ ੧੦੦/-, ਸ.ਮਨਜੀਤ ਸਿਮਘ ੩੦/-, ਸ.ਜਗਜੀਤ ਸਿੰਘ ੧੦੦/-, ਗੁਪਤ ੧੦੦/-, ਸ੍ਰੀ.ਜੀ.ਐਸ.ਭੱਲਾ ੧੦੦੦/-, ਸ.ਗੁਰਵਿੰਦਰ ਸਿੰਘ ੨੦੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੨੦/-, ਸ.ਰਿਹਾਣਾ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦੦/-, ਸ.ਜਸਵੰਤ ਸਿੰਘ ੫੦/-, ਸ.ਨਰਿੰਦਰ ਸਿੰਘ ੫੦/-, ਸ.ਨਿਰਮਲ ਸਿੰਘ ੨੦੦/-, ਗੁਪਤ ੫੦/-, ਸ.ਗੁਰਮੇਲ ਸਿੰਘ ੧੦੦/-, ਸ.ਦਿਵਕਰਨ ਸਿੰਘ ੫੦/-, ਸ.ਜਗਜੀਤ ਸਿੰਘ ੫੦/-, ਸ.ਇੰਦਰਜੀਤ ਸਿੰਘ ੧੦੦/-, # ੬੦੦/੨=੧੦੦/-, ਸ.ਰਣਬੀਰ ਸਿੰਘ ੫੦/-, ਸ.ਗੁਰਕੀਰਤ ਸਿੰਘ ੧੦੦/-, ਸ.ਮਨਮੋਹਨ ਸਿੰਘ ੫੦/-, ਗੁਪਤ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਨਵਨੀਤ ਸਿੰਘ ੧੦੦/-, ਸ.ਗੁਰਰਾਜ ਸਿੰਘ ੨੦/-, ਸ.ਮਨਦੀਪ ਸਿੰਘ ੧੦੦/-, ਸ.ਕੇ.ਪੀ.ਐਸ. ੧੦੦/-, ਸ.ਬਲਦੇਵ ਸਿੰਘ ੨੦/-, ਸ.ਰਣਬੀਰ ਸਿੰਘ ੧੦੦/-, ਸ.ਚਰਨਜੀਤ ਸਿੰਘ ੧੦੦/-, ਸ.ਦਿਲਦਾਰ ਸਿੰਘ ੫੦/-, ਸ.ਹਰਕੀਰਤ ਸਿੰਘ ੧੦੦/-, **ਸ.ਮਨਿੰਦਰ ਸਿੰਘ ਰਾਹੀਂ :** ਕਰਨੈਲ ਸਿੰਘ ੫੦/-, ਸ.ਕਰਨੈਲ ਸਿੰਘ ੧੦੦/-, ਗੁਪਤ ੫੦/-, ਸ.ਕਮਲਜੀਤ ਸਿੰਘ ੧੦੦/-, ਸ.ਗੁਰਬਖਸ਼ ਸਿੰਘ ੫੦੦/-, ਬੀਬੀ.ਐਸ.ਬਖਸ਼ੀ ੧੧੦/-, ਸ.ਜਸਵੰਤ ਸਿੰਘ ੫੦੦/-, ਸ.ਦਲਜੀਤ ਸਿੰਘ ੧੦੦/-, ਬੀਬੀ ਇਕਬਾਲ ਕੌਰ ੨੦੧/-, ਸ.ਬਲਵੰਤ ਸਿੰਘ ੫੦੦/-, ਸ.ਦਰਸ਼ਨ ਕੌਰ ੫੦੦/-, ਬੀਬੀ ਗੁਰਦੀਪ ਕੌਰ ੨੦੦/-, ਸ.ਮਨਮੋਹਨ ਸਿੰਘ ੨੦੦/-, ਸ.ਸਨਦੀਪ ਸਿੰਘ ੧੦੦/-, ਗੁਪਤ ੫੦੦/-, ਡਾ.ਰਵਿੰਦਰ ਕੌਰ ੧੦੦੦/-, ਸਿੰਘ ਆਟੋ ੧੦੦/-,

# ਚਿੜੀ ਦਿਵਸ ਤੇ ਵਿਸ਼ੇਸ਼

## ਕਿੱਥੇ ਗਈ ਏਂ ਮਾਰ ਉਡਾਰੀ ਨੀ ਚਿੜੀਏ ?

ਕਿੱਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?
ਸੁਣੀ ਨਹੀਂ ਤੇਰੀ ਚੀਂ ਚੀਂ ਪਿਆਰੀ, ਨੀ ਚਿੜੀਏ ।

ਦਿੱਸਦੀ ਨਾ ਹੁਣ ਸਾਡੇ ਨੇੜੇ ਤੇੜੇ ਨੀ।
ਸੁੰਨੀਆਂ ਘਰ ਦੀਆਂ ਛੱਤਾਂ, ਸੁੰਨੇ ਵਿਹੜੇ ਨੀ।
ਫਾਹ ਲੈ ਗਿਆ ਕੌਣ ਸ਼ਿਕਾਰੀ, ਨੀ ਚਿੜੀਏ ?
ਕਿੱਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?

ਨੰਨ੍ਹੇ ਬੋਟਾਂ ਦੇ ਮੂੰਹ ਚੋਗਾ ਪਾਉਂਦੀ ਸੈਂ।
ਮੀਂਹ ਮੰਗਣ ਲਈ ਮਿੱਟੀ ਦੇ ਵਿੱਚ ਨਾਹੁੰਦੀ ਸੈਂ।
ਕਿਹੜੀ ਪੈ ਗਈ ਬਿਪਤਾ ਭਾਰੀ, ਨੀ ਚਿੜੀਏ ?
ਕਿਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?

ਆਲ੍ਹਣਾ ਵੀ ਛੱਤਾਂ ਵਿੱਚ ਬਣਾਉਂਦੀ ਸੈਂ।
ਸੁਬ੍ਹਾ ਬਨੇਰੇ ਬਹਿ ਕੇ ਰੌਣਕ ਲਾਉਂਦੇ ਸੈਂ।
ਕਰੇ ਉਡੀਕਾਂ ਡੇਕ ਵਿਚਾਰੀ, ਨੀ ਚਿੜੀਏ ?
ਕਿੱਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?

ਪੰਜਿਆਂ ਦੇ ਵਿੱਚ ਲੈ ਗਿਆ ਤੈਨੂੰ ਬਾਜ਼ ਕੋਈ।
ਜਾਂ ਫਿਰ ਕਾਂ ਦੇ ਨਾਲ ਕੋਈ ਤਕਰਾਰ ਹੋਈ।
ਜਾਂ ਫਿਰ ਡੁੱਲ੍ਹ ਗਈ ਖਿਚੜੀ ਸਾਰੀ, ਨੀ ਚਿੜੀਏ ।
ਕਿੱਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?

ਆ ਨੀ ਚਿੜੀਏ ਕਿਧਰੋਂ ਉਡ ਕੇ ਆ ਜਾ ਤੂੰ ।
ਤਰਸ ਗਏ ਨੇ ਬੱਚੇ, ਮਨ ਪਰਚਾ ਜਾ ਤੂੰ।
ਮਾਂ ਨੇ ਚੂਰੀ ਕੁੱਟ ਖਿਲਾਰੀ, ਨੀ ਚਿੜੀਏ ।
ਕਿੱਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?

ਦਰਸ਼ਨ 'ਆਸ਼ਟ' ਕਵਿਤਾ ਲਿਖ ਕੇ ਗਾਏਗਾ।
ਲੋਭੀ ਬੰਦੇ ਨੂੰ ਇਹ ਗੱਲ ਸਮਝਾਏਗਾ।
ਰੁੱਖਾਂ ਤੇ ਨਾ ਫੇਰੇ ਆਰੀ, ਨੀ ਚਿੜੀਏ ।
ਕਿੱਥੇ ਗਈ ਏਂ ਮਾਰ ਉਡਾਰੀ, ਨੀ ਚਿੜੀਏ ?

-ਦਰਸ਼ਨ ਸਿੰਘ ਆਸ਼ਟ, ਪੰਜਾਬੀ ਯੂਨੀਵਰਸਿਟੀ ਕੈਂਪਸ ਪਟਿਆਲਾ, ਮੋ.98144-23703

Date of Publication :1st & 2nd of every Month. Posted Through MBU
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਮਹੀਨਾ ਜੇਠ

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

ਜੇਠ ਦਾ ਮਹੀਨਾ ਬੜਾ ਗਰਮੀ ਦਾ ਮਹੀਨਾ ਹੁੰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਇਸ ਮਹੀਨੇ ਉਸ ਪ੍ਰਮਾਤਮਾ ਨਾਲ ਮਿਲਣ (ਜੁੜਨ) ਦੀ ਲੋਚਾ ਅਪਣੇ ਅੰਦਰ ਪੈਦਾ ਕਰੀਏ, ਜੋ ਸਭਸ ਦਾ ਮਾਲਕ ਹੈ। ਜਿਸ ਅੱਗੇ ਸਭ ਝੁਕਦੇ ਹਨ। ਮਾਲਕ ਦੇ ਪੱਲੇ ਨਾਲ ਲੱਗਣ ਕਰਕੇ ਹੋਰ ਕਿਸੇ ਦੀ ਮੁਹਤਾਜੀ ਨਹੀਂ ਕਰਨੀ ਪੈਂਦੀ।

ਪ੍ਰਭੂ ਦਾ ਨਾਮ ਹੀਰੇ ਜਵਾਹਰਾਤ ਰੂਪੀ ਸੰਪਤੀ ਹੈ ਇਸ ਨੂੰ ਕਦੇ ਵੀ ਕੋਈ ਚੋਰ ਪਾੜ ਨਹੀਂ ਲਾ ਸਕਦਾ। ਇਸ ਨਾਲ ਕੋਈ ਠੱਗ, ਠੱਗੀ ਨਹੀਂ ਕਰ ਸਕਦਾ। ਸਭ ਰੰਗ ਵਾਹਿਗੁਰੂ ਜੀ ਦੇ ਖਿੜੇ ਹੋਏ ਹਨ, ਬਹੁਤ ਸਾਰੀਆਂ ਮਨ ਭਾਉਂਦੀਆਂ ਵਸਤਾਂ ਹਨ, ਜੋ ਪ੍ਰਭੂ ਨੇ ਪੈਦਾ ਕੀਤੀਆਂ ਹੋਈਆਂ ਹਨ।

ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੋ ਹੀ ਕਰਦਾ ਹੈ ਅਤੇ ਜੀਵ ਵੀ ਉਸ ਦੀ ਮਰਜ਼ੀ ਅਨੁਸਾਰ ਹੀ ਇਸ ਸੰਸਾਰ ਵਿੱਚ ਵਿਚਰਦਾ ਹੈ। ਉਨ੍ਹਾਂ ਜੀਵਾਂ ਨੂੰ ਧੰਨ ਧੰਨ ਆਖੀਏ, ਜਿਨ੍ਹਾਂ ਨੂੰ ਆਪ ਪਰਮਾਤਮਾ ਨੇ ਅਪਨਾ ਲਿਆ ਹੈ। ਜੇ ਪਰਮਾਤਮਾ ਜੀਵਾਂ ਦੇ ਆਪਣੇ ਉਦਮ ਨਾਲ ਮਿਲ ਸਕਦਾ ਹੋਵੇ ਤਾਂ ਜੀਵ ਉਸ ਤੋਂ ਵਿਛੜ ਕੇ ਦੁੱਖੀ ਕਿਉਂ ਹੋਣ।

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਸਾਧੂ ਦਾ ਸੰਗ ਕਰਨ ਨਾਲ ਪਰਮਾਤਮਾ ਦਾ ਮਿਲਾਪ ਹੁੰਦਾ ਹੈ ਅਤੇ ਉਨ੍ਹਾਂ ਨਾਲ ਮਿਲ ਕੇ ਖੁਸ਼ੀਆਂ ਮਾਣੀਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀ ਅਵਸਥਾ, ਜੇ ਕਰ ਜਗਿਆਸੂ ਦੀ ਬਣਦੀ ਹੈ ਤਾਂ ਜੇਠ ਦਾ ਮਹੀਨਾ ਬਹੁਤ ਹੀ ਸੁਹਾਵਣਾ ਹੁੰਦਾ ਹੈ। ਪਰ ਇਹ ਅਵਸਥਾ ਉਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਮੱਥੇ ਤੇ ਚੰਗੇ ਭਾਗ ਲਿਖੇ ਹੁੰਦੇ ਹਨ।